ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ

ਸ੍ਰੀ ਗੁਰੂ ਤੇਗ਼ ਬਹਾਦਰ- ਵਿਸ਼ੇਸ਼ ਅੰਕ

# ਪਰਵਾਸ

400 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ



ਗੁਰਦੁਆਰਾ ਬਾਬਾ ਬਕਾਲਾ ਸਾਹਿਬ


ਪਰਵਾਸੀ ਸਾਹਿਤ ਅਧਿਅਨ ਕੇਂਦਰ

ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ

parvasggn@gmail.com, +9187290-80250,+9195010-27522

# ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ

## ਅੰਤਰਰਾਸ਼ਟਰੀ ਵੈਬੀਨਾਰ
## ਸ੍ਰੀ ਗੁਰੂ ਤੇਗ ਬਹਾਦਰ ਜੀ: ਜੀਵਨ ਤੇ ਸਿੱਖਿਆਵਾਂ



**ਸ. ਰਣਬੀਰ ਸਿੰਘ ਸੂਰੀ**
ਮੈਂਬਰ ਆਫ਼ ਹਾਉਸ ਆਫ਼ ਲਾਰਡਜ਼
ਯੂ. ਕੇ.



**ਡਾ. ਹਰਬੰਸ ਲਾਲ**
ਪੀਐਚ. ਡੀ., ਡੀ. ਲਿਟ (ਆਨਰਜ਼)
ਇਮੈਰੀਟਸ ਪ੍ਰੋਫ਼ੈਸਰ ਅਤੇ ਚੇਅਰਮੈਨ
ਡਿਪਾਰਟਮੈਂਟ ਆਫ਼ ਫਾਰਮਾਕੋਲੋਜੀ ਅਤੇ ਨਿਉਰੋਸਾਇੰਸ, ਯੂ. ਐਸ. ਏ.

## ਵਕਤਾ



**ਡਾ. ਸੁਖਬੀਰ ਸਿੰਘ ਕਪੂਰ**
ਓ ਬੀ ਈ ਫਾਉਂਡਰ
ਫਾਉਂਡਰ ਵਾਈਸ ਚਾਂਸਲਰ
ਵਰਲਡ ਸਿੱਖ ਯੂਨੀਵਰਸਿਟੀ, ਯੂ. ਕੇ.



**ਡਾ. ਗੁਰਿੰਦਰ ਸਿੰਘ ਮਾਨ**
ਡਾਇਰੈਕਟਰ
ਗਲੋਬਲ ਇੰਸਟੀਚਿਊਟ ਫ਼ਾਰ ਸਿੱਖ ਸਟਡੀਜ਼
ਯੂ. ਐਸ. ਏ.



**ਡਾ. ਦਲਵੀਰ ਸਿੰਘ ਪੰਨੂ**
ਸਿੱਖ ਇਤਿਹਾਸਕਾਰ
ਯੂ. ਐਸ. ਏ.



**ਡਾ. ਸ. ਪ. ਸਿੰਘ**
ਪ੍ਰਧਾਨ
ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ



**ਡਾ. ਅਰਵਿੰਦਰ ਸਿੰਘ ਭੱਲਾ**
ਪ੍ਰਿੰਸੀਪਲ



**ਡਾ. ਭੁਪਿੰਦਰ ਸਿੰਘ**
ਮੁਖੀ



**ਡਾ. ਗੁਰਪ੍ਰੀਤ ਸਿੰਘ**
ਪ੍ਰੋਫ਼ੈਸਰ

ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ

# ਪਰਵਾਸ

(ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ)


**ਮੁੱਖ ਸੰਪਾਦਕ**
**ਡਾ. ਸ. ਪ. ਸਿੰਘ**

**ਮੁੱਖ ਪ੍ਰਬੰਧਕ**

ਪ੍ਰਿੰ. ਡਾ. ਅਰਵਿੰਦਰ ਸਿੰਘ
ਡਾ. ਭੁਪਿੰਦਰ ਸਿੰਘ

**ਸੰਪਾਦਕ**

ਡਾ. ਤੇਜਿੰਦਰ ਕੌਰ
ਪ੍ਰੋ. ਸ਼ਰਨਜੀਤ ਕੌਰ

**ਉਪ-ਸੰਪਾਦਕ**

ਡਾ. ਗੁਰਪ੍ਰੀਤ ਸਿੰਘ
ਡਾ. ਹਰਪ੍ਰੀਤ ਸਿੰਘ ਦੂਆ

**ਸਹਿਯੋਗੀ (ਭਾਰਤ)**

ਪ੍ਰੋ. ਗੁਰਭਜਨ ਸਿੰਘ ਗਿੱਲ
+919872631199
ਪ੍ਰੋ. ਮਨਜੀਤ ਸਿੰਘ ਛਾਬੜਾ
+919815100791
ਡਾ. ਵਨੀਤਾ (ਦਿੱਲੀ)
+919811323640
ਡਾ. ਅੰਮ੍ਰਿਤਪਾਲ ਕੌਰ
+918146565014
ਡਾ. ਲਖਵਿੰਦਰ ਸਿੰਘ ਜੌਹਲ
+919417194812
ਡਾ. ਮੁਨੀਸ਼ ਕੁਮਾਰ
+917837901025

**ਸਹਿਯੋਗੀ (ਵਿਦੇਸ਼)**

ਸੁੱਖੀ ਬਾਠ (ਪੰਜਾਬ ਭਵਨ ਕੈਨੇਡਾ)
+16045064426
ਪ੍ਰੋ. ਸਰਬਜੀਤ ਸਿੰਘ (ਕੈਨੇਡਾ)
+16047658417
ਸਰਬਜੀਤ ਸੋਹੀ (ਆਸਟਰੇਲੀਆ)
+61410584302
ਬਲਵਿੰਦਰ ਸਿੰਘ ਚਾਹਲ (ਯੂ. ਕੇ.)
+447491073808
ਕੁਲਵਿੰਦਰ ਸਿੰਘ (ਅਮਰੀਕਾ)
+19253130281
ਮੋਹਨ ਗਿੱਲ (ਕੈਨੇਡਾ)
+17789080914

ਸਹਿ-ਸੰਪਾਦਕ (ਤਕਨੀਕੀ): ਰਜਿੰਦਰ ਸਿੰਘ +919465642568

# ਇਸ ਅੰਕ ਵਿਚ


**ਸੰਪਾਦਕੀ** **ਡਾ. ਸ. ਪ. ਸਿੰਘ**

**ਗਜ਼ਲਾਂ/ਨਜ਼ਮਾਂ** **6–40**

| | | |
|---|---|---|
| ਡਾ. ਅਮਰ ਜਿਉਤੀ | ਕਵਿੰਦਰ ਚਾਂਦ | ਹਰਚੰਦ ਬਾਗੜੀ |
| ਡਾ. ਗੁਰਮਿੰਦਰ ਸਿੱਧੂ | ਸੁਰਿੰਦਰ ਗੀਤ | ਹਰਸ਼ਰਨ ਕੌਰ |
| ਪਰਮਜੀਤ ਕੌਰ ਦਿਓਲ | ਨਕਸ਼ਦੀਪ ਪੰਜਕੋਹਾ | ਅਜ਼ੀਮ ਸੇਖ਼ਰ |
| ਚਰਨਜੀਤ ਸਿੰਘ ਪੰਨੂ | ਸੁਰਜੀਤ ਸਖੀ | ਦਲਜਿੰਦਰ ਰਹਿਲ |
| ਗੁਰਦੀਸ਼ ਕੌਰ ਗਰੇਵਾਲ | ਹਰਜਿੰਦਰ ਕੰਗ | ਬੀਬੀ ਸੁਰਜੀਤ ਕੌਰ |
| ਦਲਵੀਰ ਕੌਰ | ਗੁਰਮੇਲ ਕੌਰ ਸੰਘਾ | ਡਾ. ਦਵਿੰਦਰ ਸਿੰਘ ਜੀਤਲਾ |
| ਜੀਤ ਸੁਰਜੀਤ | ਹਰਦਿਆਲ ਚੀਮਾ | ਕੁਲਦੀਪ ਚਿਰਾਗ਼ |
| ਅਮਨਜੀਤ ਕੌਰ ਸ਼ਰਮਾ | ਕੁਲਵੰਤ ਕੌਰ ਚੰਨ | ਸੋਨੀਆ ਪਾਲ |
| ਨਿਰੰਜਨ ਸਿੰਘ ਨੂਰ | | |

**ਲੇਖ** **42–83**

| | |
|---|---|
| ਸੀਸ ਦੀਆ ਪਰ ਸਿਰਰੁ ਨ ਦੀਆ | ਮਨਜੀਤ ਕੌਰ ਸੇਖੋਂ |
| ਗੁਰੂ ਤੇਗ ਬਹਾਦਰ ਜੀ ਦੀ ਮਨੁੱਖਤਾ ਨੂੰ ਦੇਣ | ਡਾ. ਦੇਵਿੰਦਰ ਸਿੰਘ ਸੇਖੋਂ |
| ਮਨੁੱਖੀ ਸੋਚ, ਦਇਆ ਦੀ ਮੂਰਤ: | ਡਾ. ਅਮਰਜੀਤ ਸਿੰਘ ਟਾਂਡਾ |
| ਮਨੁੱਖੀ ਮਨ: ਗੁਰੂ ਤੇਗ ਬਹਾਦਰ ਜੀ ਦੀ ਬਾਣੀ | ਡਾ. ਭਾਈ ਹਰਬੰਸ ਲਾਲ |

**ਸ੍ਰੀ ਗੁਰ ਤੇਗ ਬਹਾਦਰ: ਗਤੀਵਿਧੀਆਂ** **84–90**

## ਸੰਪਾਦਕੀ

# ਸ੍ਰੀ ਗੁਰੂ ਤੇਗ ਬਹਾਦਰ ਵਿਸ਼ੇਸ਼ ਅੰਕ



ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਾਰ ਸੌ ਸਾਲਾ ਪ੍ਰਕਾਸ਼ ਉਤਸਵ ਦੇ ਸੰਬੰਧ ਵਿਚ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਵੱਲੋਂ ਪਿਛਲੇ ਸਾਲ ਤੋਂ 50 ਤੋਂ ਵੱਧ ਸਮਾਗਮ ਆਯੋਜਿਤ ਕੀਤੇ ਗਏ ਹਨ। ਇਨ੍ਹਾਂ ਸਰਗਰਮੀਆਂ ਵਿਚ ਜਿੱਥੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਵੀ ਵੈਬੀਨਾਰਾਂ, ਕਵੀ ਦਰਬਾਰਾਂ ਰਾਹੀਂ ਆਪਣਾ ਯੋਗਦਾਨ ਪਾ ਰਿਹਾ ਹੈ ਉਥੇ ਹੀ ਤ੍ਰੈ-ਮਾਸਿਕ ਪੱਤ੍ਰਿਕਾ 'ਪਰਵਾਸ' ਦੁਆਰਾ ਵੀ ਆਪਣਾ ਵੱਡਮੁਲਾ ਹਿੱਸਾ ਪਾਇਆ ਹੈ। ਪਰਵਾਸ' ਪੱਤ੍ਰਿਕਾ ਦਾ ਇਹ ਵਿਸ਼ੇਸ਼ ਅੰਕ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਖ਼ਸ਼ੀਅਤ, ਭਗਤੀ ਭਾਵਨਾ, ਕੁਰਬਾਨੀ, ਗੁਰਬਾਣੀ ਰਚਨਾਵਾਂ ਅਤੇ ਸਮੁੱਚੀ ਮਾਨਵਤਾ ਨੂੰ ਸੰਦੇਸ਼ ਦੀ ਭਾਵਨਾ ਨੂੰ ਸਮਰਪਤ ਹੈ, ਇਸ ਵਿਚ ਵਿਸ਼ਵ ਵਿਚ ਵੱਸਦੇ ਪੰਜਾਬੀ ਤੇ ਵਿਸ਼ੇਸ਼ ਤੌਰ 'ਤੇ ਸਿੱਖ ਭਾਈਚਾਰੇ ਨੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਤੇ ਸਖ਼ਸ਼ੀਅਤ ਦੇ ਵਿਭਿੰਨ ਪੱਖਾਂ ਨੂੰ ਆਪਣੀਆਂ ਲਿਖਤਾਂ ਵਿਚ ਉਜਾਗਰ ਕਰਦੇ ਹੋਏ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਹੈ ਅਤੇ ਗੁਰੂ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਹਨ।

ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ ਪਹਿਲਾਂ ਵੀ ਵਿਸ਼ੇਸ਼ ਮੌਕਿਆਂ 'ਤੇ 'ਪਰਵਾਸ' ਪੱਤ੍ਰਿਕਾ ਰਾਹੀਂ ਵਿਸ਼ੇਸ਼ ਅੰਕਾਂ ਦੀ ਪ੍ਰਕਾਸ਼ਨਾ ਕੀਤੀ ਹੈ। ਗੁਰੂ ਨਾਨਕ ਦੇਵ ਜੀ ਦੇ 550ਵੇਂ ਸਾਲ ਪ੍ਰਕਾਸ਼ ਉਤਸਵ ਮੌਕੇ ਤੇ 'ਗੁਰੂ ਨਾਨਕ ਵਿਸ਼ੇਸ਼ ਅੰਕ' ਪ੍ਰਕਾਸ਼ਿਤ ਕੀਤਾ ਸੀ। ਇਸੇ ਤਰ੍ਹਾਂ ਭਾਰਤ ਵਿਚ ਕਿਸਾਨੀ ਸੰਘਰਸ਼ ਵਿਚ ਪਰਵਾਸੀ ਲੇਖਕਾਂ ਦੀਆਂ ਭਾਵਨਾਵਾਂ ਨੂੰ ਪ੍ਰਗਟ ਕਰਦੇ ਦੋ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤੇ ਗਏ। ਇਸੇ ਲੜੀ ਵਿਚ ਹੀ ਇਹ ਹੱਥਲਾ ਅੰਕ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਤ ਹੈ। ਇਸ ਕਾਰਜ ਲਈ ਜਿਨ੍ਹਾਂ ਪਰਵਾਸੀ ਲੇਖਕਾਂ ਨੇ ਆਪਣੀਆਂ ਆਪਣੀਆਂ ਰਚਨਾਵਾਂ ਰਾਹੀਂ ਯੋਗਦਾਨ ਪਾਇਆ ਹੈ, ਮੈਂ ਉਨ੍ਹਾਂ ਦਾ ਧੰਨਵਾਦੀ ਹਾਂ ਉੱਥੇ ਪਰਵਾਸ ਦੇ ਸੰਪਾਦਕੀ ਮੰਡਲ ਵਿਸ਼ੇਸ਼ ਤੌਰ 'ਤੇ ਡਾ. ਤੇਜਿੰਦਰ ਕੌਰ ਅਤੇ ਪ੍ਰੋ. ਸ਼ਰਨਜੀਤ ਕੌਰ ਵੀ ਧੰਨਵਾਦ ਦੇ ਪਾਤਰ ਹਨ ਜਿਨ੍ਹਾਂ ਦੀ ਮਿਹਨਤ ਤੇ ਸਮਰਪਣ ਦੀ ਭਾਵਨਾ ਕਾਰਨ ਇਹ ਮਹਤਵਪੂਰਨ ਕਾਰਜ ਸਿਰੇ ਚੜ੍ਹ ਸਕਿਆ ਹੈ।

ਅਦਾਰਾ ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਉਤਸਵ ਲਈ ਸਭ ਨੂੰ ਲੱਖ-ਲੱਖ ਵਧਾਈਆਂ।

**ਸ. ਪ. ਸਿੰਘ (ਡਾ.)**
**ਮੁੱਖ ਸੰਪਾਦਕ**

# ਗ਼ਜ਼ਲਾਂ/ ਨਜ਼ਮਾਂ

## ਨਜ਼ਮ


ਡਾ. ਅਮਰ ਜਿਉਤੀ



### ਦੰਦ ਕਥਾ

ਸੀਸ ਦੇਣਾ ਤੇ
ਅਸੀਸ ਬਣ ਜਾਣਾ
ਨਿਮਾਣਿਆਂ ਲਈ
ਬਹਾਦਰ ਹੋਣ ਦੇ ਮਾਅਨੇ
ਹਵਾ ਵਿੱਚ ਲਿਖ ਦੇਣਾ
ਸਾਹ ਬਣ ਕੇ ਰਚ ਜਾਣਾ
ਨਿਤਾਣੀਆਂ ਜਿੰਦਾਂ ਵਿੱਚ
ਮੁਕਤੀ ਦੇ ਅਰਥ ਲਿਖ ਦੇਣਾ
ਹਰ ਤਲੀ 'ਤੇ
ਰਸਤੇ ਬਣਾ ਦੇਣੇ
ਸ਼ਾਹਰਾਹ 'ਤੇ
ਬਾਦਸ਼ਾਹ ਦੇ ਹੁਕਮ ਦੀ
ਤਾਮੀਲ
ਦਲੀਲ ਨਾਲ
ਕਰਕੇ ਟੁਕੜੇ ਟੁਕੜੇ
ਖਿਲਾਰ ਦੇਣਾ
ਵਕਤ ਦੇ ਰਾਹ ਵਿੱਚ
ਮਾਨਵਤਾ ਨਾਲ ਵਾਪਰੇ
ਜ਼ੁਲਮ ਜਬਰ ਦਾ
ਸ਼ਿਲਾਲੇਖ –
ਲਹੂ ਨਾਲ ਲਿਖ ਦੇਣਾ
ਪੈਰਾਂ ਹੇਠਲੀ ਧਰਤੀ 'ਤੇ
ਕਿ ਹਰ ਦਿਸ਼ਾ ਵਿੱਚੋਂ ਆਉਂਦੇ ਲੋਕ
ਪੜ੍ਹ ਸਕਣ ਹਰ ਸ਼ਬਦ ਇਸ
ਇਬਾਰਤ ਦਾ
ਸਮਝ ਜਾਣ ਅਰਥ
ਖ਼ੂਨ ਨਾਲ ਲਿਖੀ ਕਥਾ ਦਾ ;
ਤੇਗ ਬਹਾਦਰ ਗੁਰੂ ਦੀ
ਇਹ ਅਦਭੁਤ ਕਥਾ
ਦੰਦ ਕਥਾ ਬਣ ਕੇ
ਤੁਰਦੀ ਰਹੇ ਤੁਰਦੀ ਰਹੇ ......

ਡਾ. ਅਮਰ ਜਿਉਤੀ
ਯੂ. ਕੇ.
+447506585135



# ਨਜ਼ਮ

## ਕਵਿੰਦਰ ਚਾਂਦ



### ਤੇਗ ਤੇ ਤਿਆਗ

ਇਹ ਤਿਆਗ ਦਾ ਕਰਿਸ਼ਮਾ
ਇਹ ਤੇਗ ਦੀ ਕਹਾਣੀ
ਹੋਈ ਨਹੀਂ ਪੁਰਾਣੀ
ਹੋਣੀਂ ਨਹੀਂ ਪੁਰਾਣੀ

ਇੱਕ ਅੱਗ ਦੀ ਨਦੀ ਨੂੰ
ਡੁੱਬ ਡੁੱਬ ਕੇ ਪਾਰ ਕੀਤਾ
ਧੌਣਾਂ ਨੇ ਆਪ ਚੜ੍ਹਕੇ
ਤੇਗਾਂ ਤੇ ਵਾਰ ਕੀਤਾ

ਕਿੰਨਾ ਤਿਆਗ ਸੀ ਉਸ
ਯੋਧੇ ਮਹਾਨ ਅੰਦਰ
ਉਸ ਮਿਹਰਬਾਨ ਅੰਦਰ
ਕਰੁਣਾ ਨਿਧਾਨ ਅੰਦਰ

ਇੱਕ ਸੀਸ ਮੰਗਿਆ ਸੀ
ਸਹਿਮੀ ਜ਼ੁਬਾਨ ਅੰਦਰ
ਦਾਨੀ ਨੇ ਹੱਦ ਕੀਤੀ
ਸਰਬੰਸ ਦਾਨ ਅੰਦਰ

ਇੱਕ ਚੌਕ ਚਾਂਦਨੀ ਹੈ
ਪੁੱਤਰ ਹਨੇਰਿਆਂ ਦਾ
ਬੈਠਾ ਅਡੋਲ ਆਸ਼ਕ
ਬਾਪੂ ਸਵੇਰਿਆਂ ਦਾ

ਗੱਜਦਾ ਜੱਲਾਦ ਆਇਆ
ਭੜਥੂ ਜਿਹਾ ਮਚਾਇਆ
ਚਾਨਣ ਦੇ ਚਸ਼ਮਿਆਂ ਨੂੰ
ਨ੍ਹੇਰਾ ਡਰਾਉਣ ਆਇਆ

ਤਲਵਾਰ ਜਦ ਉੱਠਾਈ
ਹੈ ਨਜ਼ਰ ਜਦ ਮਿਲਾਈ
ਉੱਚੀ ਆਵਾਜ਼ ਆਈ
ਮੌਲਾ ਮੇਰੀ ਦੁਹਾਈ

ਮੈਨੂੰ ਖੁਦਾ ਦਾ ਜਲਵਾ
ਹਾਜ਼ਰ ਹਜ਼ੂਰ ਦਿਖਿਆ
ਬੰਦੇ ਦੀ ਅੱਖ ਵਿੱਚੋਂ
ਅੱਲ੍ਹਾ ਦਾ ਨੂਰ ਦਿਸਿਆ

ਹੈਰਾਨ ਹੋ ਰਿਹਾ ਹੈ
ਹਟ ਕੇ ਖਲੋ ਰਿਹਾ ਹੈ
ਗੁਰਦੇਵ ਹੱਸਦੇ ਨੇ
ਜੱਲਾਦ ਰੋ ਰਿਹਾ ਹੈ
ਇਹ ਕਤਲ ਕਰ ਰਿਹਾ ਹੈ
ਜਾਂ ਕਤਲ ਹੋ ਰਿਹਾ ਹੈ

**ਕਵਿੰਦਰ ਚਾਂਦ**
**ਸਰੀ, ਕੈਨੇਡਾ**
**+16047614504**

# ਨਜ਼ਮ

## ਹਰਚੰਦ ਬਾਗੜੀ



ਗੁਰੂ ਤੇਗ ਬਹਾਦਰ ਜੀ,
ਸਾਡੇ ਹੋਏ ਗੁਰੂ ਲਾਸਾਨੀ।
ਧਰਮ ਬਚਾਉਣ ਲਈ ਦੇ ਗਏ ਹੱਸ ਕੇ
ਉਹ ਕੁਰਬਾਨੀ।

ਔਰੰਗਜੇਬ ਜਦੋਂ ਧੱਕੇ ਨਾਲ ਜਨੇਊ ਸੀ
ਲਾਹੁੰਦਾ
ਉਹ ਜਬਰੀ ਹਿੰਦੂਆਂ ਨੂੰ ਸੀ ਮੁਸਲਮਾਨ
ਬਣਾਉਂਦਾ
ਰੋ-ਰੋ ਕੇ ਹਿੰਦੂਆਂ ਨੇ,ਸੀ ਦੱਸੀ
ਦਰਦ-ਕਹਾਣੀ...
ਗੁਰੂ ਤੇਗ ਬਹਾਦਰ ਜੀ...

ਜਾ ਕੇ ਦਿੱਲੀ ਸਤਿਗੁਰ ਨੇ, ਸੀ ਰਾਜੇ ਨੂੰ
ਸਮਝਾਇਆ
ਤੈਨੂੰ ਮੁੱਲਾਂ-ਕਾਜੀਆਂ ਨੇ ਹੈ ਗਲਤ
ਰਾਹਾਂ 'ਤੇ ਪਾਇਆ
ਤੂੰ ਤੇ ਹਿੰਦੂਆਂ ਦਾ ਬਣ ਬੈਠਾ ਏਂ
ਦੁਸ਼ਮਨ ਜਾਨੀ...
ਗੁਰੂ ਤੇਗ ਬਹਾਦਰ ਜੀ...

ਇਹ ਮੁਲਕ ਤੇ ਸਾਡਾ ਏ,ਤੁਸਾਂ ਜ਼ੋਰੀਂ
ਆ ਹਥਿਆਇਆ
ਹੁਣ ਧਰਮ ਸਾਡੇ ਦਾ, ਹੈਂ ਲੱਗਾ ਕਰਨ
ਸਫਾਇਆ
ਤੂੰ ਰੋਕ ਜ਼ੁਲਮਾਂ ਨੂੰ, ਨਾ ਕਰ ਤੂੰ ਇਹ
ਨਾਦਾਨੀ...
ਗੁਰੂ ਤੇਗ ਬਹਾਦਰ ਜੀ...

ਛੱਡ ਜਾਣਾ ਦੁਨੀਆ ਨੂੰ,ਜਿਵੇਂ ਗਏ
ਛੱਡ-ਵਡੇਰੇ
ਹੈ ਦੁਨੀਆਂ ਜੱਸ ਗਾਉਂਦੀ, ਜੋ ਕਰਦੇ
ਕੰਮ ਚੰਗੇਰੇ
ਤੂੰ ਸਦਾ ਰਹਿਣਾ ਨੀ, ਇਹ ਚਹੁੰ ਦਿਨ
ਦੀ ਜਿੰਦਗਾਨੀ...
ਗੁਰੂ ਤੇਗ ਬਹਾਦਰ ਜੀ...

ਨਾ ਤਾਜ ਸਦਾ ਰਹਿਣਾ ਨਾ ਰਾਜ ਸਦਾ
ਰਹਿਣਾ
ਤੈਂ ਵੀ ਆਖ਼ਰ ਨੂੰ ਹੈ ਜਾ ਕਬਰਾਂ ਵਿਚ
ਪੈਣਾ
ਬਹੁਤ ਹੋ ਹੋ ਤੁਰ ਗਏ ਨੇ,ਇਹ ਜੱਗ
ਰਾਜਿਆ ਫਾਨੀ...
ਗੁਰੂ ਤੇਗ ਬਹਾਦਰ ਜੀ...

ਗੁਰੂ ਤੇਗ ਬਹਾਦਰ ਨੇ ਸਿਰ ਦੇ ਕੇ
ਧਰਮ ਬਚਾਇਆ
ਹਿੰਦ ਦੀ ਚਾਦਰ ਦਾ, ਰੁਤਬਾ ਤਾਹੀਂ
ਉਨਾਂ ਨੇ ਪਾਇਆ
ਸਿਰ ਉੱਚੇ ਕਰ ਜੀਏ, ਜੋਧੇ ਅਮਰ
ਸਿਰਾਂ ਦੇ ਦਾਨੀ...
ਗੁਰੂ ਤੇਗ ਬਹਾਦਰ ਜੀ...

ਜਾਹ ਕਰ ਲੈ ਜੋ ਕਰਨਾ, ਸਾਡੇ ਸਿਦਕ
ਨੂੰ ਅਜਮਾ ਲੈ
ਅਸੀਂ ਧਰਮ ਨਹੀਂ ਛੱਡਣਾ, ਤੂੰ
ਆਪਣਾ ਜ਼ੋਰ ਲਗਾ ਲੈ
ਕਦੇ ਯਾਦ ਗੁਰੂ ਜੀ ਦੀ, ਚੰਦ ਹੋਣੀ
ਨਹੀ ਪੁਰਾਣੀ...
ਗੁਰੂ ਤੇਗ ਬਹਾਦਰ ਜੀ...

**ਹਰਚੰਦ ਬਾਗੜੀ**
**ਵੈਨਕੂਵਰ, ਕੈਨੇਡਾ**
**+16047214363**

## ਨਜ਼ਮ

ਡਾ. ਗੁਰਮਿੰਦਰ ਸਿੱਧੂ



### ਚਾਂਦਨੀ ਚੌਂਕ ਦਾ ਕ੍ਰਿਸ਼ਮਾ

ਤੂਫਾਨਾਂ ਵਿੱਚ ਦੀਵਾ ਬਣਨ ਵਾਲੇ
ਜਦੋਂ ਲਾਟ ਬਣਨ ਤੋਂ ਪਹਿਲਾਂ
ਆਪਣੇ ਹੀ ਮਾਸ ਨੂੰ ਮੋਮ ਵਾਂਗ
ਪੰਘਾਰਦੇ ਨੇ
ਤਾਂ ਉਸ ਤਲਿਸਮੀ ਘੜੀ ਵਿੱਚ
ਹਵਾ ਵੀ ਸਹਿਮ ਕੇ ਠਹਿਰ ਜਾਂਦੀ ਹੈ
ਇੰਜ ਹੀ ਹੋਇਆ ਸੀ
ਜਦੋਂ ਸ਼ਾਂਤੀ ਦੇ ਪੁੰਜ ਗੁਰੂ ਤੇਗ
ਬਹਾਦਰ ਨੇ
ਧਰਮ ਦੀ ਰੱਖਿਆ ਲਈ ਸੀਸ
ਵਾਰਨ ਦਾ ਐਲਾਨ ਕੀਤਾ ਸੀ
ਦਹਿਕਦੇ ਅੰਗਾਰਿਆਂ ਉੱਤੇ
ਚੱਲਣ ਵਾਲੇ
ਜਦੋਂ ਪਹਿਲਾ ਪੱਬ ਚੁੱਕਣ ਤੋਂ ਪਹਿਲਾਂ
ਆਪਣੀਆਂ ਹੀ ਅੱਖਾਂ ਵਿੱਚ
ਆਪਣੇ ਨੰਗੇ ਪੈਰਾਂ ਨੂੰ ਮਾਪਦੇ ਨੇ
ਤਾਂ ਉਹਨਾਂ ਅਟਕੇ ਹੋਏ ਪਲਾਂ ਵਿੱਚ
ਵਕਤ ਦਾ ਕਾਲਜਾ ਵੀ ਧਕ-ਧਕ
ਵੱਜਣ ਲੱਗ ਜਾਂਦੈ
ਇੰਜ ਹੀ ਹੋਇਆ ਸੀ ਜਦੋਂ ਗੁਰੂ ਨੇ
ਆਨੰਦਪੁਰ ਸਾਹਿਬ ਤੋਂ ਦਿੱਲੀ ਵੱਲ
ਪੈਰ ਪੁੱਟਿਆ ਸੀ
ਸਮਿਆਂ ਦੀ ਹਿੱਕ ਉੱਤੇ ਨਵੀਂਆਂ
ਪੈੜਾਂ ਪਾਉਣ ਵਾਲੇ
ਜਦੋਂ ਸ਼ਹੀਦ ਹੋਣ ਤੋਂ ਪਹਿਲਾਂ
ਕਾਤਿਲ ਦੀ ਤਲਵਾਰ ਵੱਲ
ਇਕ ਗੌਰਵਮਈ ਮੁਸਕੁਰਾਹਟ
ਸੁੱਟਦੇ ਨੇ
ਤਾਂ ਉਹਨਾਂ ਕਰਾਮਾਤੀ ਛਿਣਾਂ ਵਿੱਚ
ਜੱਲਾਦ ਦਾ ਹੱਥ ਵੀ ਥਰ-ਥਰ ਕੰਬਣ
ਲੱਗ ਜਾਂਦੈ
ਬਿਲਕੁਲ ਇੰਜ ਹੀ ਹੋਇਆ ਸੀ
ਜਦੋਂ ਚਾਂਦਨੀ ਚੌਂਕ ਵਿੱਚ,
ਧੜ ਤੋਂ ਡਿੱਗ ਕੇ ਗੁਰੂ ਦਾ ਸੀਸ
ਮੁਸਕਰਾਇਆ ਸੀ

ਏਹੀ ਉਹ ਪਲ ਸਨ
ਜਦੋਂ ਇਨਸਾਫ ਦੀਆਂ ਕੂਕਾਂ ਨੇ
ਸੱਭਿਅਤਾ ਦੀ ਹਿੱਕ ਛਾਨਣੀ ਕਰ
ਦਿੱਤੀ ਸੀ
ਤੇ ਚੌਗਿਰਦੇ ਖੜ੍ਹੀ ਭੀੜ ਦੇ ਨੈਣਾਂ
ਵਿਚੋਂ ਛਮ ਛਮ ਹੰਝੂ ਬਰਸੇ ਸਨ

ਏਹੀ ਉਹ ਘੜੀਆਂ ਸਨ

## ਨਜ਼ਮ


### ਡਾ. ਗੁਰਮਿੰਦਰ ਸਿੱਧੂ


ਜਦੋਂ ਕਤਲਗਾਹ ਵਿੱਚ ਵਾਪਰੇ ਇਸ
ਕ੍ਰਿਸ਼ਮੇ ਨੇ
ਮੁਰਦਾ ਫਿਜ਼ਾਵਾਂ ਵਿੱਚ ਜ਼ਿੰਦਗੀ ਘੋਲ
ਦਿੱਤੀ ਸੀ
ਤੇ ਧਰਮ ਦੀ ਡੋਲਦੀ ਕਿਸ਼ਤੀ
ਵਕਤ ਦੇ ਪਾਣੀਆਂ ਉਤੇ ਰਵਾਂ-ਰਵੀਂ
ਤਰਨ ਲੱਗ ਪਈ ਸੀ

ਅਤੇ ਏਹੀ ਉਹ ਵੇਲਾ ਸੀ
ਜਦੋਂ ਪੌਣਾਂ ਨੇ ਵਕਤ ਦੇ ਕੰਨਾਂ ਵਿੱਚ
ਸਿਦਕ-ਸਿਰੜ ਦੀ
ਇਕ ਬਾਤ ਪਾਈ ਸੀ

ਉਹ ਬਾਤ ਹਰ ਸਾਲ
ਦੁਹਰਾਈ ਜਾਂਦੀ ਹੈ
ਉਹ ਬਾਤ ਹਰ ਸੌ ਸਾਲਾਂ ਬਾਅਦ
ਦੁਹਰਾਈ ਜਾਂਦੀ ਹੈ
ਇਤਿਹਾਸ ਦੇ ਪੰਨਿਆਂ ਵਿਚੋਂ ਸੂਰਜ
ਲਿਸ਼ਕੋਰ ਮਾਰਦਾ ਹੈ
ਤੇ ਜ਼ਿੰਦਗੀ ਫਿਰ ਤੋਂ ਜੂਝਣ ਜੋਗੀ,
ਜਿਊਣ ਜੋਗੀ ਹੋ ਜਾਂਦੀ ਹੈ।

**ਡਾ. ਗੁਰਮਿੰਦਰ ਸਿੱਧੂ**
**ਸਰੀ, ਬੀ. ਸੀ., ਕੈਨੇਡਾ**
**12365185952**
**gurmindersidhu13@gmail.com**



## ਨਜ਼ਮ

## ਸੁਰਿੰਦਰ ਗੀਤ



### ਸ਼ਹਾਦਤ ਦਾ ਸਿਖ਼ਰ

ਹੇ ਗੁਰੂ
ਮੇਰੇ ਨੌਵੇਂ ਨਾਨਕ
ਤੇਰੀ ਉਸਤਤੀ ਦਾ ਗੀਤ
ਲਿਖਣ ਲੱਗਿਆਂ
ਮੇਰਾ ਆਪਾ
ਕੰਬ ਜਾਂਦਾ ਹੈ
ਆਪਣੇ ਆਪ ਤੋਂ
ਸੰਗ ਜਾਂਦਾ ਹੈ
ਮੇਰੀ ਕਲਮ ਨੂੰ
ਕੋਈ ਸ਼ਬਦ
ਨਹੀਂ ਥਿਆਉਂਦਾ
ਜੋ ਤੇਰੇ ਮੇਚ ਦਾ ਹੋਵੇ
ਤੇ
ਤੇਰੀ ਉਸਤਤੀ ਦਾ ਗੀਤ
ਗਾਉਣ ਲਗਿਆਂ
ਸਾਜ਼ਾਂ ਦਾ ਸਹਾਰਾ ਲੈ
ਅਲਾਪ ਲੈਣ ਲੱਗਿਆਂ
ਬੇ-ਸੁਰੀ ਹੋ ਜਾਂਦੀ ਹਾਂ
ਕਿਉਂਕਿ
ਮੇਰੇ ਅੰਦਰ ਵੱਸਦੇ
ਝੂਠ ਲਈ ਬੜਾ ਮੁਸ਼ਕਿਲ ਹੈ
ਸੱਚ ਦੇ ਸੂਰਜ ਦੇ ਸਾਹਮਣੇ ਖੜ੍ਹਨਾ
ਸੱਚ ਦਾ ਸੇਕ ਜਰਨਾ ।

ਪਰ ਅੱਜ
ਚਾਂਦਨੀ ਚੌਂਕ ‘ਚ ਖੜ੍ਹ
ਤੇਰੇ ਵਾਕ ‘ਚ ਡੂੰਘਾ ਉੱਤਰਦੀ ਹਾਂ
ਤਾਂ ਦਿਖਾਈ ਦਿੰਦੀਆਂ ਹਨ
ਮਜ਼ਲੂਮਾਂ
ਨਿਮਾਣਿਆਂ ਨਿਤਾਣਿਆਂ
ਸਮੇਂ ਦੀ ਸੱਤਾ ਦੇ ਸਤਾਏ
ਦੱਬੇ ਕੁਚਲੇ
ਫਿਰਕੂ ਕੱਟੜਤਾ ਤੇ
ਸਮਾਜਿਕ ਨਾ ਬਰਾਬਰੀ ਦੇ
ਭਾਰੇ ਪੁੜਾਂ ਹੇਠ
ਪੀਸੇ ਜਾ ਰਹੇ
ਡਰੇ ਤੇ ਸਹਿਮੇ ਲੋਕਾਂ ਦੀਆਂ
ਲੰਬੀਆਂ ਕਤਾਰਾਂ
ਤੇ ਉਹਨਾਂ ਨੂੰ ਡਰਾ ਰਹੀਆਂ
ਮੁਗਲੀਆ ਹਕੂਮਤ ਦੀਆਂ ਕਟਾਰਾਂ

ਪਰ ਇਸ ਸਭ ਕਾਸੇ ਵਿਚਕਾਰ
ਆਰੇ ਨਾਲ ਤਨ ਚਿਰਵਾਉਂਦਾ
ਮਤੀ ਦਾਸ
ਰੂੰ ‘ਚ ਵਲੇਟ ਕੇ
ਸਾੜਿਆ ਜਾਂਦਾ ਸਤੀ ਦਾਸ
ਤੇ ਦੇਗ ਵਿੱਚ
ਉਬਲਦਾ ਦਿਆਲਾ
ਤੇ ਤੇਰੇ ਧੜ ਨਾਲੋਂ
ਜੁਦਾ ਹੁੰਦੇ ਤੇਰੇ ਸੀਸ ਨੇ


## ਨਜ਼ਮ

### ਸੁਰਿੰਦਰ ਗੀਤ

ਖ਼ੂਨ ਦੇ ਫੁੱਟਦੇ ਝਰਨੇ ਨੇ
ਲਹੂ ਦੀ ਇਕ ਇਕ ਤਿੱਪ ਤੇ
ਉੱਗਮਦੇ ਸੂਰਜਾਂ ਨੇ
ਰੌਸ਼ਨ ਕਰ ਦਿੱਤਾ ਹੈ
ਆਲਾ ਦੁਆਲਾ

ਮੈਂ ਇਸ ਰੌਸ਼ਨੀ 'ਚ ਖੜ੍ਹ ਕੇ
ਆਪਣੀ ਆਤਮਾ ਤੋਂ
ਹਨੇਰੇ ਦਾ ਪਰਦਾ ਹਟਾ ਕੇ ਦੇਖਦੀ ਹਾਂ
ਤਾਂ ਸਮਝ ਜਾਂਦੀ ਹਾਂ
ਕਿ ਤੇਰੀ ਸਹਾਦਤ
ਪੁਰਖਿਆਂ ਦੇ
ਸਹਿਜ, ਸੰਜ਼ਮ  ਤੇ ਸੰਤੋਖ
ਨਾਲ ਚਲਾਈ
ਸ਼ਹਾਦਤਾਂ ਦੀ ਲੜੀ ਦਾ
ਉਹ ਸਿਖਰ ਹੈ
ਜਿੱਥੇ ਜਾਤ ਪਾਤ
ਊਚ-ਨੀਚ
ਧਾਰਮਿਕ ਫਿਰਕੂਪੁਣੇ ਦਾ
ਤਾਣਾ ਬਾਣਾ ਖ਼ਤਮ ਹੋ ਜਾਂਦਾ ਹੈ
ਓਥੇ ਕੇਵਲ
ਇਨਸਾਨ ਤੇ
ਇਨਸਾਨੀਅਤ ਦਾ ਦੇਸ਼ ਦਿਖਾਈ
ਦਿੰਦਾ ਹੈ ।

**ਸੁਰਿੰਦਰ ਗੀਤ**
**ਕੈਲਗਰੀ, ਕੈਨੇਡਾ**
**+14036053734**



## ਨਜ਼ਮ

ਹਰਸ਼ਰਨ ਕੌਰ



### ਮੇਰੇ ਨੌਵੇਂ ਪਾਤਸ਼ਾਹ

ਮੇਰੇ ਨੌਵੇਂ ਪਾਤਸ਼ਾਹ,
ਤੇਰੇ ਉਪਕਾਰ ਅੱਜ ਵੀ
ਓਹੀਓ ਤਸਵੀਰ ਦੁਹਰਾ ਰਹੇ।
ਝੂਠ ਫਰੇਬ, ਧੋਖੇ ਦੀ ਦੁਨੀਆ ’ਚ
ਦੁਖ ਨਿਵਾਰਨ ਦਾ,
ਸਾਰੇ ਵਿਸ਼ਵ ਵਿੱਚ ਸੰਦੇਸ਼
ਪਹੁੰਚਾ ਰਹੇ।
ਫਿਰ ਲਾਚਾਰ ਦੀ ਬਾਂਹ ਫੜ ਕੇ,
ਹੌਂਸਲਾ ਬੁਲੰਦ ਕਰ ਕੇ,
ਆਪਣੀ ਸ਼ਕਤੀ ਉਹਨਾਂ ’ਚ ਪਾ ਰਹੇ

ਮੇਰੇ ਪਾਤਸ਼ਾਹ
ਤੂੰ ਬਣਿਆ ਸੀ ਰਾਖਾ
ਓਦੋਂ ਦੁਖੀ ਹਿੰਦ ਦਾ,
ਬਿਨਾਂ ਕਿਸੇ ਦੇ ਮਤ-ਭੇਦ
ਸਭ ਧਰਮਾਂ ਦੀ ਆਨ ਸ਼ਾਨ ਰੱਖੀ।
ਕਿੰਜ ਸ਼ਾਂਤਮਈ ਰਹਿ ਕੇ,
ਜਾਲਮ ਤੇ ਜੁਲਮ ਦਾ ਟਾਕਰਾ ਕਰਨਾ,
ਸਭ ਦੇ ਸਾਹਵੇਂ ਇਕ ਪਿਰਤ ਰੱਖੀ।
ਤੈਥੋਂ ਹੀ ਸਿੱਖਿਆ ਲੈ
ਤੇਰੇ ਪੈਰੋਕਾਰ, ਅੱਜ ਆ ਸਾਹਵੇਂ,
ਦੂਜਿਆਂ ਦਾ ਕਸ਼ਟ ਨਿਵਾਰ ਰਹੇ।
ਆ ਵੇਖ ! ਸਿਰ ਆਪਣਾ ਕਰ ਉੱਚਾ
ਕਿੰਜ ਜੀਣਾ, ਸਭ ਦਰਸਾ ਰਹੇ।
ਅਣਖ ਆਬਰੂ ਨੂੰ ਨਾ ਰੁੜਨ ਦੇਣ ਯੋਧੇ,
ਬਣ ਦਰਿਆ ਦਾ ਬੰਨ੍ਹ ਖਲੋਣ ਅੱਗੇ।
ਬੇੜੀ ਵਿਸ਼ਵਾਸ ਦੀ ਲੈ,
ਸਾਗਰਾਂ ਵਿੱਚ ਠਿੱਲ੍ਹ ਪੈਣ,
ਹਰ ਜ਼ਲਜ਼ਲੇ ਤੇ ਔਕੜ ਦੇ ਖਲੋਣ
ਅੱਗੇ।
ਕਸ਼ਮੀਰੀ ਪੰਡਿਤਾਂ ਨੂੰ, ਬਣ ਘਣਾ ਰੁੱਖ,
ਠੰਡੀ ਛਾਂ ਦੇ ਕੇ ਸਮਝਾ ਦਿੱਤਾ।
ਐਸੀ ਛੰਨ ਬਣਿਆ ਸੀ ਤੂੰ ਦਾਤਾ,
ਜੁਲਮ ਦੇ ਝੱਖੜਾਂ ਤੋਂ ਬਚਾ ਦਿੱਤਾ
ਅੱਜ ਮਹਾਂਮਾਰੀ ਵੀ ਬੇਸ਼ੱਕ ਤੇਜ ਹੋਈ,
ਲੜਾਈ ਹੱਕ ਦੀ ਵੀ ਹੈ ਅੱਜ ਜਾਰੀ,
ਆ ਵੇਖ ! ਭੁੱਖਿਆਂ ਨੂੰ ਰਜਾਉਣ ਵਾਲੇ,
ਅੱਜ ਸਾਹਵਾਂ ਦੇ ਵੀ ਲੰਗਰ ਚਲਾ
ਰਹੇ।
ਬਿਨਾਂ ਕਿਸੇ ਦੇ ਮਤ-ਭੇਦ ਰੱਖ,
ਦੂਜਿਆਂ ਦਾ ਕਸ਼ਟ ਨਿਵਾਰ ਰਹੇ।
ਕਿਸੇ ਕੋਲੋਂ ਇਹਨਾਂ ਡਰਨਾ ਸਿੱਖਿਆ
ਨਹੀਂ,
ਤੇ ਕਿਸੇ ਮਜ਼ਲੂਮ ਨੂੰ ਇਹ ਡਰਾਉਂਦੇ
ਨਹੀਂ।ਕੇਹੀ ਗੁੜ੍ਹਤੀ ਦੇ ਗਿਉਂ ਕੌਮ ਨੂੰ
ਆਪਣੀ,
ਕਿਸੇ ਵੀ ਤੂਫਾਨ ਤੋਂ ਘਬਰਾਉਂਦੇ
ਨਹੀਂ।

# ਨਜ਼ਮ

## ਹਰਸ਼ਰਨ ਕੌਰ

ਜਿਨ੍ਹਾਂ ਦੀ ਵੀ ਬਾਂਹ ਪਕੜਨ ਇਕ
ਵਾਰੀ,
ਤੋੜ ਤੱਕ ਨਿਭਾਉਣ ਤੋਂ ਘਬਰਾਉਂਦੇ
ਨਹੀਂ।
ਡਟ ਕੇ ਕਰਦੇ ਨੇ ਮੁਕਾਬਲਾ ਖੜ੍ਹੇ ਹੋ
ਅੱਗੇ,
ਕੋਈ ਕਸ਼ਟ ਸਹਾਰਨ ਤੋਂ ਘਬਰਾਉਂਦੇ
ਨਹੀਂ।

ਮੇਰੇ ਪਾਤਸ਼ਾਹ !
ਅਦੁੱਤੀ ਤੇ ਲਾਸਾਨੀ ਸ਼ਹੀਦੀ  ਤੇਰੀ,
ਰਹਿੰਦੀ ਦੁਨੀਆ ਤੀਕਰ ਪੂਰਨੇ ਪਾ
ਗਈ।
ਸਿਰਜ ਗਈ ਜੁਗਾਂ ਜੁਗਾਂ ਤੀਕ ਅਮਿੱਟ
ਪੈੜਾਂ,
ਕੋਈ ਨਵਾਂ ਇਤਿਹਾਸ ਬਣਾ ਗਈ।
ਮੇਰੇ ਸਤਿਗੁਰਾ !
ਜਦੋਂ ਤੀਕ ਵੀ ਇਹ ਸ੍ਰਿਸ਼ਟੀ ਬਣੀ
ਰਹੇਗੀ,
ਰਵਾਇਤ ਰੱਖਿਅਕ ਦੀ ਹਮੇਸ਼ਾ ਬਣੀ
ਰਹੇਗੀ।
ਕੋਟਿ ਕੋਟਿ ਪ੍ਰਣਾਮ ਕਰੇਗੀ ਦੁਨੀਆ
ਸਾਰੀ,
ਤੇਰੀ ਇਹ ਕੌਮ ਜੁਝਾਰੂ ਬਣੀ ਰਹੇਗੀ।
ਤੇਰੀ ਇਹ ਕੌਮ ਜੁਝਾਰੂ ਬਣੀ
ਰਹੇਗੀ।।

## ਸ਼ਹੀਦ

ਅਮਰ ਹੋ ਜਾਂਦੇ ਨੇ ਸ਼ਹੀਦ
ਤੇ 'ਗਵਾਹੀ' ਦੇਂਦੇ ਨੇ,
ਸੱਚ ਨੂੰ ਉੱਪਰ ਰੱਖਣ ਦੀ,
ਜ਼ੁਲਮ ਦੇ ਖਿਲਾਫ ਖੜ੍ਹੇ ਹੋਣ ਦੀ,

ਨਾ ਭੈਅ ਕਿਸੇ ਨੂੰ ਦੇਣਾ
ਨਾ ਭੈਅ ਦਾ ਸ਼ਿਕਾਰ ਹੋਣ ਦੀ,
ਤੇ ਹੋਰ ਵੀ ਕਈ ਹਕੂਕਾਂ ਦੀ,
ਸੁੱਚੀਆਂ ਜਮੀਰਾਂ ਦੀ,
ਤੇ ਕਿਸੇ ਵਾਸਤੇ ਕੁਰਬਾਨ ਹੋਣ ਦੀ,

ਸ਼ਾਅਦੀ ਭਰਨੀ
ਕਥਨੀ ਤੇ ਕਰਨੀ ਦੀ
ਕਸਵੱਟੀ ਤੇ ਪੂਰਾ ਉਤਰਨਾ,
ਇਹ ਸ਼ਹਾਦਤ ਦਾ ਜਾਮ ਪੀਣ ਵਾਲੇ
ਮਰਦੇ ਨਹੀਂ,
ਅਮਰ ਹੋ ਜਾਂਦੇ ਨੇ !

ਅਦੁੱਤੀ, ਲਾਸਾਨੀ
ਜ਼ਿੰਦਗਾਨੀ ਦੇ ਗਵਾਹ ਬਣ,
ਇਸ ਬ੍ਰਹਿਮੰਡ ਵਿੱਚ ਹੀ
ਵਿਚਰਦੇ ਨੇ, ਤੇ ਪਰਖਦੇ ਨੇ
ਜਰਵਾਣਿਆਂ ਨੂੰ ਆਪਣੀ ਕਸਵੱਟੀ ਤੇ
'ਸ਼ਹੀਦ' ਜ਼ਿੰਦਾ ਰਹਿੰਦੇ ਹਨ
ਲੋਕ ਵਿੱਚ ਵੀ,
ਤੇ ਪਰਲੋਕ ਵਿੱਚ ਵੀ।

**ਹਰਸ਼ਰਨ ਕੌਰ**
**ਸਰੀ, ਕੈਨੇਡਾ**
**+17788283048**

ਨਜ਼ਮ

## ਪਰਮਜੀਤ ਕੌਰ ਦਿਓਲ



## ਮਲਾਹ ਦੀ ਅਰਦਾਸ

ਹੇ ਗੁਰ ਪੀਰ
ਨੌਂ ਨਿੱਧੀਆਂ ਦੇ ਬਖ਼ਸ਼ਣਹਾਰ

ਮੈਂ ਤੇਰਾ ਅਨਿਨ ਸੇਵਕ ਮੱਖਣ ਸ਼ਾਹ
ਘਿਰ ਗਿਆ ਆਪਣੇ ਬੇੜੇ ਸਮੇਤ
ਸਾਗਰ ਛੱਲਾਂ
ਸਮੁੰਦਰੀ ਤੂਫ਼ਾਨ ਦੇ ਘੇਰੇ ਅੰਦਰ
ਸ਼ੂਕਦੀਆਂ ਹਵਾਵਾਂ ਦੀ ਚੁੰਗਲ ਵਿੱਚ

ਤੂੰ ਆਪਣੀ ਰਹਿਮਤ ਦਾ ਮੋਢਾ ਦੇ
ਮੇਰੇ ਡੁੱਬਦੇ ਬੇੜੇ ਨੂੰ ਪਾਰ ਲੰਘਾਅ

ਮੱਤ ਪੱਤ ਦੇ ਰਾਖੇ
ਮੇਰਾ ਅੰਬਰ ਵੀ ਤੂੰ
ਮੇਰਾ ਪਤਾਲ ਵੀ ਤੂੰ
ਮੇਰਾ ਸਹਾਰਾ ਵੀ ਤੂੰ
ਮੇਰਾ ਕਿਨਾਰਾ ਵੀ ਤੂੰ

ਪੌਣ ਪਾਣੀ
ਧਰਤ, ਹਵਾ, ਅਕਾਸ਼
ਸਭ ਤੇਰੀ ਰਜ਼ਾ ਵਿੱਚ
ਡਿੱਕ ਡੋਲੇ ਖਾਂਦੇ ਇਸ ਬੇੜੇ ਨੂੰ
ਆਪਣੀ ਰਹਿਮਤ ਦਾ ਮੋਢਾ ਦੇ

ਸਾਜਰੇ ਹੀ ਤੁਰ ਪਿਆ ਸਾਂ ਮੈਂ
ਤੇਰੀ ਓਟ ਲੈ ਕੇ, ਸਮੁੰਦਰੀ ਪੈਂਡਿਆਂ ਤੇ
ਲਹਿ ਗਿਆ ਸਾਂ ...
ਡੂੰਘੇ ਪਾਣੀਆਂ ਵਿੱਚ
ਨੱਕੋ ਨੱਕ ਭਰੇ ਇਸ ਬੇੜੇ ਨੂੰ ਲੈ ਕੇ

ਇਸ ਬੇੜੇ ਵਿੱਚ ਮੇਰੇ
ਬੋਟਾਂ ਦਾ ਚੋਗ ਹੀ ਨਹੀਂ
ਤੇਰੀ ਪਰਜਾ ਦਾ ਰਿਜ਼ਕ ਵੀ ਹੈ
ਮੇਰੀ ਸ਼ਰਧਾ ਅਤੇ ਮੇਰਾ ਸਿਦਕ ਵੀ ਹੈ

ਆਲ ਦੁਆਲੇ
ਸਾਗਰ ਛੱਲਾਂ, ਡੂੰਘੇ ਪਾਣੀ,ਘੁੰਮਣ ਘੇਰੀਆਂ
ਕਿਧਰੇ ਵੀ ਨਜ਼ਰ ਨਹੀਂ ਆਉਂਦਾ
ਤਣ ਪੱਤਣ ਆਸ ਕਿਨਾਰਾ

ਹੇ ਗੁਰ ਪੀਰ
ਉੱਠਦੀਆ ਛੱਲਾਂ ਅੱਗੇ
ਕਿਤੇ ਡੋਲ ਨਾ ਜਾਣ ਮੇਰੇ ਪਤਵਾਰ
ਥਿਰਕ ਨਾ ਜਾਵੇ ਮੇਰੀ ਸ਼ਰਧਾ
ਤੂੰ ਇਸ ਮਲਾਹ ਦੀ ਅਰਦਾਸ ਸੁਣ

## ਨਜ਼ਮ


### ਪਰਮਜੀਤ ਕੌਰ ਦਿਓਲ


ਬੇੜੀ ਬੰਨ੍ਹੇ ਲਾਹ
ਸ਼ੂਕਦੇ ਤੂਫ਼ਾਨ ਨੂੰ
ਆਪਣੀ ਕਲਕਲ ਦਾ ਅਹਿਸਾਸ ਕਰਾਂ
ਤੇ ਇਸ ਨਿਮਾਣੇ ਮਲਾਹ ਨੂੰ
ਪਹੁੰਚ ਬਿੰਦੂ ਦਾ ਸਿਰਨਾਵਾਂ ਦੱਸ

ਅਦਨੇ ਸੇਵਕ 'ਤੇ...
ਗੁਰੂ ਦੀ ਬਖ਼ਸ਼ਿਸ਼ ਹੋਈ
ਮਲਾਹ ਦੀ ਅਰਦਾਸ ਕਬੂਲ ਹੋਈ
ਗੁਰੂ ਨੇ ਮੋਢਾ ਲਾਇਆ
ਬੇੜਾ ਸ਼ਾਂਤ ਚਿੱਤ ਹੋ ਕੇ,
ਮੰਜ਼ਿਲ ਵੱਲ ਹੋ ਤੁਰਿਆ
ਉੱਛਲਦਾ ਪਾਣੀ,ਕਲਕਲ ਵਿੱਚ
ਬਦਲ ਗਿਆ
ਸ਼ੂਕਦਾ ਤੂਫ਼ਾਨ
ਰੁਮਕਦੀ ਹਵਾ ਹੋ ਗਿਆ

ਮੱਖਣ ਸ਼ਾਹ ਦਾ ਬੇੜਾ ਪਾਰ ਹੋਇਆ
ਬੇੜੀ ਨੂੰ ਕਿਨਾਰਾ ਮਿਲ ਗਿਆ
ਤੇ ਬਾਬੇ ਦੇ ਮੋਢੇ ਦਾ ਜ਼ਖ਼ਮ ਕਦੋਂ
ਰਾਜ਼ੀ ਹੋਇਆ
ਇਹ ਮੈਂ ਕੀ ਜਾਣਾ
ਇਹ ਤਾਂ ਗੁਰੂ ਹੀ ਜਾਣਦਾ.....

**ਪਰਮਜੀਤ ਕੌਰ ਦਿਓਲ**
**ਟੋਰੰਟੋ, ਕੈਨੇਡਾ**
**+1 (647) 295-7351**



## ਨਜ਼ਮ

ਨਕਸ਼ਦੀਪ ਪੰਜਕੋਹਾ




### ਚਾਂਦਨੀ ਚੌਕ

ਹੰਕਾਰ ਅਤੇ ਤਾਕਤ ਸਿਫਰ ਹੋਏ
ਅੰਤ 'ਚ ਅੱਗੇ ਗੁਰੂ ਤੇਗ ਬਹਾਦੁਰ
ਜੋ ਸਨ ਨਿਰਭੈ ਦੀ ਤਲਵਾਰ
ਕੋਹ ਕੇ ਕੋਹ ਕੇ ਜਾਨਾ ਗੁਰੂ ਦੇ
ਸਹਮਣੇ
ਮਿੱਟੀ ਤੋਂ ਹਲਕੇ ਹੋਕੇ ਰਹਿ ਗਏ
ਚਾਂਦਨੀ ਚੌਕ ਵਿੱਚ ਹੰਕਾਰੀ ਲਾਚਾਰ
ਜੰਗ ਵਿੱਚ ਲੜਨਾ ਨਹੀਉਂ ਸੌਖਾ
ਜਿੱਥੇ ਰਹਿੰਦੀ ਹੈ ਹਮੇਸ਼ਾਂ ਮੌਤ
ਉਡੀਕਦੀ ਹੋ ਅੱਡੀਆਂ ਭਾਰ
ਨਿਰਭੈ ਮਤੀ ਦਾਸ ਦੇ ਵਿੱਚੀਂ
ਬੁੱਚੜਾਂ ਲੰਘਾਇਆ ਬੇਕਿਰਕ ਹੋ
ਤਿੱਖਾ ਜਿਹਾ ਉਹ ਆਰਾ ਪਾਰ
ਭਾਈ ਸਤੀ ਦਾਸ ਯੋਧੇ ਨੂੰ ਉਹ
ਵੇਖੋ, ਸਾੜਨ ਪਏ ਹੰਕਾਰੀ
ਸੜ ਗਿਆ ਨਾ ਝੁਕਿਆ ਸਰਦਾਰ
ਉਬਾਲਿਆ ਜਿਉਂਦਾ ਯੋਧਾ ਦਿਆਲਾ
ਲਹੂ ਪੀਣੇ ਹੰਕਾਰੀਆਂ ਨੂੰ
ਲੋਕ ਦਿੱਤੀ ਲਾਹਨਤ ਤੇ ਦੁਰਕਾਰ
ਸੋਚਦੇ ਰਹੇ ਡਰਾ ਡਰਾ ਕੇ,
ਉਹ ਹੰਕਾਰੀ ਉਸ ਵੇਲੇ ਤਾਂ
'ਦਿਆਂਗੇ ਗੁਰੂ ਨੂੰ ਹੁਣ ਹਾਰ'
ਸ਼ਾਂਤ ਸੀਤਲ ਉਹ ਚਿਹਰੇ
ਉਹ ਸੰਤੋਖ ਦੀਆਂ ਮੁਸਕਰਾਹਟਾਂ
ਉਹੋ ਵੱਜੀ ਜਿੱਤ ਦੀ ਵੰਗਾਰ
ਕੱਟ ਗਿਆ ਸੀਸ ਧੜ ਤੋਂ
ਤੱਕਦੇ ਲੋਕਾਂ ਦੇ ਵਿੱਚ ਉਦੋਂ
ਮੱਚ ਗਈ ਸੀ ਬੜੀ ਹਾਹਾਕਾਰ
ਦੁਰਕਾਰ ਉਨ੍ਹਾਂ ਦੀਆਂ ਧਮਕੀਆਂ,
ਮੌਤ ਨੂੰ ਚੁੰਮਦੇ ਹੋ ਗੁਰੂ ਤੇ ਸਾਥੀ
ਬਣੇ ਗਏ ਸੀ ਹੱਕਾਂ ਦੇ ਸ਼ਾਹਸਵਾਰ
ਇੰਝ ਗੁਰੂ ਦੇ ਕੇ ਗਏ ਸੀ
ਸਭ ਲੋਕਾਂ ਨੂੰ ਹਮੇਸ਼ਾਂ ਲਈ
ਧਰਮ ਆਜ਼ਾਦੀ ਦਾ ਸ਼ਿੰਗਾਰ
ਇੱਕੋ ਬਣਿਆ ਇਤਿਹਾਸ ਵਿੱਚ
ਹਿੰਦ ਦੀ ਚਾਦਰ ਸਿਰ ਦੇ ਕੇ
ਬੜੇ ਆਏ ਗਏ ਹਿੰਦ ਦੇ ਠੇਕੇਦਾਰ
ਚਾਂਦਨੀ ਚੌਕ ਹਰ ਰੁੱਤ ਵਿੱਚ
ਓਹੋ ਦੋਹੀ ਪਾਉਂਦਾ ਹੈ ਆ ਰਿਹਾ
ਹਰ ਥਾਂ ਲੋਕਾਂ ਦੇ ਦਰਬਾਰ

ਨਕਸ਼ਦੀਪ ਪੰਜਕੋਹਾ
ਅਮਰੀਕਾ
+918146910997

# ਨਜ਼ਮ

## ਅਜ਼ੀਮ ਸ਼ੇਖਰ



### (ਗੀਤ)


ਹਰ ਜ਼ੁਲਮ ਮਿਟਾਉਣ ਲਈ
ਜਦੋਂ ਫੈਸਲਾ ਕਰ ਦਿੱਤਾ,
ਜਦ ਪੈਰ ਦਿੱਲੀ ਦੀ ਜੂਹ ਵਿੱਚ
ਜਾ ਕੇ ਧਰ ਦਿੱਤਾ,
ਫਿਰ ਸਿਦਕ ਨਿਭਾਇਆ ਸੀ
ਗੁਰੂ ਤੇਗ ਬਹਾਦਰ ਪਾਤਸ਼ਾਹ ਨੇ,
ਸੀ ਪੱਤ ਕੱਜ ਲਈ ਹਿੰਦ ਦੀ
ਬਣਕੇ ਚਾਦਰ ਪਾਤਸ਼ਾਹ ਨੇ ।

ਜਦ ਬੇਟੀ, ਰੋਟੀ, ਇੱਜ਼ਤ ਦੀ
ਨਾ ਖ਼ੈਰ ਰਹੀ,
ਹਰ ਗੱਲ 'ਤੇ ਹਾਕਮ ਧਿਰ
ਸੀ ਕੱਢਦੀ ਵੈਰ ਰਹੀ,
ਉਸ ਵੇਲੇ ਰੁਲ਼ਦਿਆਂ ਨੂੰ ਵੀ
ਦਿੱਤਾ ਆਦਰ ਪਾਤਸ਼ਾਹ ਨੇ,
ਸੀ ਪੱਤ ਕੱਜ ਲਈ ਹਿੰਦ ਦੀ
ਬਣਕੇ ਚਾਦਰ ਪਾਤਸ਼ਾਹ ਨੇ ।

ਲਿਆ ਮੀਰੀ-ਪੀਰੀ 'ਚੋਂ
ਜਦ ਜਨਮ ਬਗ਼ਾਵਤ ਨੇ,
ਇਤਿਹਾਸ ਲਹੂ ਨਾਲ
ਲਿਖਿਆ ਫੇਰ ਸ਼ਹਾਦਤ ਨੇ,
ਨਾ ਅੱਖੀਂ ਹੁੰਦਾ ਜਰਿਆ
ਕੋਈ ਨਿਰਾਦਰ ਪਾਤਸ਼ਾਹ ਨੇ,
ਸੀ ਪੱਤ ਕੱਜ ਲਈ ਹਿੰਦ ਦੀ
ਬਣਕੇ ਚਾਦਰ ਪਾਤਸ਼ਾਹ ਨੇ ।

ਜਦ ਚਾਂਦਨੀ ਚੌਕ 'ਚ ਸੀਸ
'ਅਜ਼ੀਮ ' ਸੀ ਵਾਰ ਗਏ,
ਉਦੋਂ ਸ਼ਬਦ ਤੋਂ ਸੀ
ਤਲਵਾਰਾਂ ਵਾਲੇ ਹਾਰ ਗਏ,
ਦਿੱਤਾ ਮਰਦ ਅਗੰਮੜਾ ਕੌਮ ਨੂੰ
ਇੱਕ ਬਹਾਦਰ ਪਾਤਸ਼ਾਹ ਨੇ ,
ਸੀ ਪੱਤ ਕੱਜ ਲਈ ਹਿੰਦ ਦੀ
ਬਣਕੇ ਚਾਦਰ ਪਾਤਸ਼ਾਹ ਨੇ ।

**ਅਜ਼ੀਮ ਸ਼ੇਖਰ**
**ਯੂ. ਕੇ.**
**+447916257981**



## ਨਜ਼ਮ

### ਚਰਨਜੀਤ ਸਿੰਘ ਪੰਨੂ



# ਕਿਰਪਾ ਰਾਮ ਉਦਾਸ ਹੈ

ਮਾਖੋਵਾਲ ਚੱਕ ਨਾਨਕੀ 1675,
ਨਮੋਸ਼ੀ ਗ੍ਰਸਿਆ ਉੱਤਰਿਆ ਬਦਰੰਗ
ਚਿਹਰਾ,
ਅੰਦਰੋਂ ਬਾਹਰੋਂ ਝੁਲਸੀ ਆਤਮਾ,
ਸੀਨੇ ਵਿਚ ਰੜਕਦੀ ਚੀਸ,
ਗਲੇਡੂ ਪਥਰਾਏ ਗੱਲ੍ਹਾਂ ’ਤੇ ...
ਸਿਤਮ ਦੀ ਇਬਾਰਤ ਬੁੱਲ੍ਹਾਂ ’ਤੇ...
ਊਂਧੀ ਪਾਈਆਂ ਪੁਤਲੀਆਂ
ਸਹਿਮਿਆ ਖੜ੍ਹਾ ਕਸ਼ਮੀਰੀ ਪੰਡਤ
ਕਿਰਪਾ ਰਾਮ।
ਨਿਊਂ ਕੇ ਚਰਨੀ ਢਹਿ ਪਿਆ
ਗੁਰੂ ਤੇਗ ਬਹਾਦਰ ਦੇ ਦਰਬਾਰ।
ਬਾਬਾ ਬਕਾਲੇ ਵਾਲਿਆ, ਭਵਜਲ ਚੋਂ
ਤਾਰਨ ਹਾਰਿਆ,
ਤਾਰਿਆ ਬੇੜਾ ਡੁੱਬਦਾ ਮੱਖਣ ਸ਼ਾਹ
ਦਾ ਤੂੰ ਬਣਿਆ ਪਤਵਾਰ।
ਸਾਡੀ ਮਦਦ ਕਰੋ ਸਰਕਾਰ।
ਘੋਰ ਕਲਯੁਗ ਹਿੰਦੂਆਂ ’ਤੇ ਆਇਆ
ਜੱਨਤ-ਏ-ਕਸ਼ਮੀਰ ਹੋ ਗਿਆ
ਪਰਾਇਆ।
ਸਵਾ ਲੱਖ ਜੰਞੂ ਲਾਹੁਣ ਦਾ ਉਨ੍ਹਾਂ
ਮਤਾ ਪਕਾਇਆ,
ਕਹਿੰਦੇ ਕਾਫ਼ਰਾਂ ਦਾ ਕਰੋ ਸਫ਼ਾਇਆ।
ਹਿੰਦੂ ਘਰਾਂ ਸ਼ਹਿਰਾਂ ਪਿੰਡਾਂ ਦੀ
ਨਾਕਾਬੰਦੀ
ਲਾਲਚ ਦਿੰਦੇ ਰੁਤਬੇ ਵਜੀਰੀਆਂ ਲਓ
ਮੂੰਹ ਮੰਗੀਆਂ ਮੁਰਾਦਾਂ ਪਾਓ।
ਧੌਂਸ ਦਿੰਦੇ ਇਸਲਾਮ ਧਰਮ
ਅਪਣਾਓ,
ਦਿਖਾਉਂਦੇ ਲਹਿਰਾਉਂਦੇ ਖ਼ੂਨੀ
ਤਲਵਾਰ।
ਸਾਡੀ ਰੱਖਿਆ ਕਰੋ ਸਰਕਾਰ।
ਟੈਕਸ ਜਜ਼ੀਆ ਉਨ੍ਹਾਂ ਭਾਰੀ
ਲਾਇਆ,
ਜ਼ਬਰਦਸਤੀ ਕਰਦੇ ਬੋਹਲ
ਵੰਡਾਇਆ,
ਸਾਡਾ ਧਰਮ ਟਾਰਗੈਟ ਬਣਿਆ,
ਬੇਤਹਾਸ਼ਾ ਕਹਿਰ ਮਚਾਇਆ।
ਦਿਨ-ਦੀਵੀ ਨਿਧੜਕ ਡਾਕੇ,

# ਨਜ਼ਮ

## ਚਰਨਜੀਤ ਸਿੰਘ ਪੰਨੂ

ਥਾਂ ਥਾਂ ਮੱਚੀ ਹਾਹਾਕਾਰ।
ਜਬਰੀ ਧਰਮ ਪ੍ਰੀਵਰਤਣ ਕਰ ਰਹੇ,
ਸਾਡਾ ਜਿਊਣਾ ਕੀਤਾ ਦੁੱਭਰ
ਦੁਰਕਾਰ।
ਸਾਡੀ ਮਦਦ ਕਰੋ ਸਰਕਾਰ।
ਲੈ ਜਾਂਦੇ ਧੂਹ ਕੇ ਜਰਵਾਣੇ
ਸਾਡੇ ਕੋਲੋਂ, ਸਾਡੇ ਹੱਥੋਂ...
ਸ਼ਰੇਆਮ ਦਿਨ-ਦੀਵੀ,
ਧੀਆਂ ਭੈਣਾਂ ਨੂੰ, ਪਤਨੀਆਂ ਨੂੰ,
ਮਾਵਾਂ ਨੂੰ ਸ਼ਰੇ-ਬਾਜ਼ਾਰ।
ਲੀਰੋ-ਲੀਰ ਕਰਦੇ
ਜੱਗ ਜਣਨੀ ਦੀ ਮਰਯਾਦਾ,
ਇੱਜ਼ਤਾਂ ਅਜ਼ਮਤਾਂ ਦੀ ਵਿਵੇਕਹੀਣ
ਲੁੱਟ ਮਾਰ।
ਅਬਲਾਵਾਂ ਸੰਗ ਦੁਸ਼ਕਰਮ,
ਸਮੂਹਕ ਬਲਾਤਕਾਰ।
ਚੋਰਾਂ ਨਾਲ ਰਲ ਗਈ ਕੁੱਤੀ,
ਖੇਤਾਂ ਨੂੰ ਖਾਂਦੀ ਵਾੜ।
ਸਾਡੀ ਮੱਦਦ ਕਰੋ ਸਰਕਾਰ।
ਗਾਉਂਦੇ ਉੱਲੂ ਕਰੁਣਾਮਈ ਵਿਰਾਨੀਆਂ
ਦਾ ਮਰਸੀਆ।
ਹੁਸੀਨ ਵਾਦੀ ਵਿਚ ਉੱਭੇ-ਸਾਹ ਲੈਂਦੀ
ਇਨਸਾਨੀਅਤ।
ਐਲੀ ਐਲੀ ਕਰਦੇ ਮੁਤਅੱਸਬ ਗੁੰਡੇ,
ਦਿੰਦੇ ਤਾਹਨੇ ਮਿਹਣੇ ਸ਼ਰੇਆਮ,
ਕਹਿੰਦੇ ਬੁਲਾਓ ਆਪਣਾ ਪੀਰ
ਤਿਲਕ ਜੰਞੂ ਦਾ ਰਾਖਾ।
ਦਿਖਾਵੇ ਆਪਣਾ ਚਮਤਕਾਰ,
ਖ਼ੁਦਾ ਬੰਦਾ ਪਰਵਰਦਿਗਾਰ।
ਸਾਡੀ ਮਦਦ ਕਰੋ ਸਰਕਾਰ।
ਸਰਕਾਰੀ ਲੋਭ ਲਾਲਚ
ਇਵਜ਼ਾਨਾ, ਮੁਆਵਜ਼ਾ, ਹਰਜਾਨਾ
ਕੀ ਕਿਵੇਂ ਕਦੋਂ ਭਰ ਸਕਦੇ ਨੇ ਇਹ
ਖਸਾਰਾ ?
ਕੀ ਹੋ ਸਕਦੀ ਹੈ ਸਤ ਭੰਗ ਹੋਣ ਦੀ
ਭਰਪਾਈ !
ਕੀ ਹੋ ਸਕਦੀ ਹੈ ਇੱਜ਼ਤਾਂ ਰੋਲਣ ਦੀ
ਮੁਜਰਾਈ ?
ਕਿਉਂ ਕਿਵੇਂ ਕਰੀਏ ਅਸੀਂ ਧਰਮ
ਪ੍ਰੀਵਰਤਣ ?
ਗੁੰਮ-ਸੁੰਮ ਚਿੰਤਾਤੁਰ ਗੁਰੂ ਤੇਗ
ਬਹਾਦਰ, ਢੂੰਡ ਰਿਹਾ ਜੁਆਬ।
ਨਿਰਾਸ਼ ਹੈ ਕਿਰਪਾ ਰਾਮ...
ਉਦਾਸ ਹੈ ਗੁਰੂ ਤੇਗ ਬਹਾਦਰ।
ਗੁਰੂ ਤੇਗ ਬਹਾਦਰ
ਹਿੰਦੂ ਧਰਮ ਬਚਾਉਣ ਦਾ ਸਾਕਾ।
ਮਤਲਬ ਦਿੱਲੀ ਨਾਲ ਟਕਰਾਉਣ ਦਾ
ਸਾਕਾ।

# ਨਜ਼ਮ

## ਚਰਨਜੀਤ ਸਿੰਘ ਪੰਨੂ

ਔਰੰਗਜ਼ੇਬ ਨਾਲ ਮੱਥਾ ਲਾਉਣ ਦਾ
ਸਾਕਾ।
ਮਖ਼ਮਲੀ ਅਰਮਾਨ ਲੁਟਾਉਣ ਦਾ
ਸਾਕਾ।
ਕਲਗੀ ਤਾਜ ਗਵਾਉਣ ਦਾ ਸਾਕਾ।
ਅੱਗ ਵਿਚ ਹੱਥ ਪਾਉਣ ਦਾ ਸਾਕਾ
ਆਰੇ ਨਾਲ ਤਨ ਚਿਰਾਉਣ ਦਾ
ਸਾਕਾ।
ਦੇਗਾਂ ਵਿਚ ਸਰੀਰ ਉਬਲਾਉਣ ਦਾ
ਸਾਕਾ।
ਇਹ ਹੈ ਯੁੱਗ ਪਲਟਾਉਣ ਦਾ ਸਾਕਾ।
ਇੱਟ ਨਾਲ ਇੱਟ ਵਜਾਉਣ ਦਾ
ਸਾਕਾ।
ਵੱਡੇ ਕਿਸੇ ਮਹਾਂਪੁਰਖ ਬਲੀਦਾਨ
ਦਿਵਾਉਣ ਦਾ ਸਾਕਾ !
ਚਾਂਦਨੀ ਚੌਕ ਵਿਚ ਸੀਸ ਕਟਵਾਉਣ
ਦਾ ਸਾਕਾ। ਬੋਲੇ ਸੋ ਨਿਹਾਲ...
ਸਤਿ ਸ੍ਰੀ ਅਕਾਲ।
ਗੋਬਿੰਦ ਰਾਏ: ਜਾਓ ਪਿਤਾ ਜੀ
ਨਿਸ਼ਚਿੰਤ ਜਾਓ, ਦੁਖੀਆਂ ਦਾ ਤੁਸੀਂ
ਦੀਨ ਬਚਾਓ।
ਹਿੰਦੂਆਂ ਦਾ ਹੋ ਰਿਹਾ ਨਿਰਾਦਰ,
ਠੱਲ੍ਹ ਪਾਓ ਗੁਰੂ ਤੇਗ ਬਹਾਦਰ।
ਮੇਰਾ ਫ਼ਿਕਰ ਨਾ ਕਰਿਓ ਕੋਈ,
ਮੁਗ਼ਲਾਂ ਨੂੰ ਤੁਸੀਂ ਸਬਕ ਸਿਖਾਓ।
ਤੁਹਾਥੋਂ ਵੱਡਾ ਮਹਾਂਪੁਰਖ ਨਾ ਕੋਈ,
ਬੇਸ਼ੱਕ ਦਿੱਲੀ ਜਾ ਸੀਸ ਕਟਾਓ।
ਗੁਰੂ ਤੇਗ ਬਹਾਦਰ: ਸਿਰ ਧੜ ਦੀ
ਬਾਜੀ ਲਾਵਾਂਗੇ, ਅਸੀਂ ਆਪਣਾ
ਧਰਮ ਬਚਾਵਾਂਗੇ।
ਗੁਰੂ ਅਰਜਨ ਨੂੰ ਜੋ ਦਿੱਲੀ ਨੇ ਪਾਈ,
ਭਾਜੀ ਦਾ ਮੁੱਲ ਚੁਕਾਵਾਂਗੇ।
ਨਾ ਭੈ ਲੈਣਾ ਨਾ ਭੈ ਦੇਣਾ, ਸੁਨਹਿਰੀ
ਸਿਧਾਂਤ ਤੇ ਫੁਲ ਚੜ੍ਹਾਵਾਂਗੇ।
ਪਿਉ ਦਾਦਾ ਦੇ ਗਏ ਨਸੀਹਤ,
ਨਾ ਜਬਰ ਮੂਹਰੇ ਸੀਸ ਝੁਕਾਵਾਂਗੇ।
ਕਹਿ ਦਿਓ ਔਰੰਗਜ਼ੇਬ ਦੇ ਤਾਈਂ,
ਅਸੀਂ ਜਲਦੀ ਦਿੱਲੀ ਜਾਵਾਂਗੇ।
ਲਾਲ ਕਿਲ੍ਹੇ ਨਾਲ ਮੱਥਾ ਮਾਰਾਂਗੇ,
ਮੁਗ਼ਲਾਂ ਦਾ ਤੁਖ਼ਮ ਮਿਟਾਵਾਂਗੇ।
ਬੋਲੇ ਸੋ ਨਿਹਾਲ...
ਸਤਿ ਸ੍ਰੀ ਅਕਾਲ।

**(ਚਰਨਜੀਤ ਸਿੰਘ ਪੰਨੂ)**
**ਕੈਲੇਫੋਰਨੀਆ**
**+14086084961**

# ਨਜ਼ਮ

ਸੁਰਜੀਤ ਸਖੀ



## ਨਿਰਭਉ

ਧੰਨ ਸ੍ਰੀ ਗੁਰੂ ਤੇਗ ਬਹਾਦਰ,
ਪੁੰਜ ਪ੍ਰਕਾਸ਼ ਜਗਤ ਦੇ ਵਾਲੀ,
ਅੰਤਰ-ਬਾਹਰ ਰੌਸ਼ਨ-ਰੌਸ਼ਨ,
ਨਿਰਭਉ ਜੋਤ ਨਿਰੰਕੁਸ਼ ਬਾਲੀ।

ਸੁਰਤਿ ਅਡੋਲ, ਸਹਿਜਮਨ ਸੰਜਮ,
ਅੰਗ ਸੰਗ ਨਿੱਤ ਨੂਰ ਵਿਚਰਦਾ,
ਮਾਨਵ ਤੇ ਮਾਨਵਤਾ ਅੰਦਰ,
ਕੀ ਏ ਭੇਦ, ਕਿਵੇਂ ਦਾ ਪਰਦਾ,
ਸ਼ਬਦ ਆਧਾਰ, ਫ਼ਲਸਫ਼ਾ, ਅਨੁਭਵ,
ਗਿਆਨ ਰੁੱਖ ਦੀ ਡਾਲੀ ਡਾਲੀ,
ਅੰਤਰ-ਬਾਹਰ ਰੌਸ਼ਨ-ਰੌਸ਼ਨ,
ਨਿਰਭਉ ਜੋਤ ਨਿਰੰਕੁਸ਼ ਬਾਲੀ।

ਬਾਬਰ ਅੰਦਰ ਜਾਬਰ ਭ੍ਰਮਿਆ,
ਪ੍ਰਥਮ ਜੋਤ ਕੁਲ ਮੁਲਕ ਜਗਾਇਆ,
ਤੱਤੀ-ਤਵੀ, ਇੱਕ ਅਗਨ ਪਰੀਖਿਆ
ਪੰਚਮ ਜੋਤ ਦੀਵਾਨ ਸਜਾਇਆ,
ਭਾਣਾ ਮਿੱਠਾ ਜਿਉਂ ਜਿਉਂ ਵਰਤੇ,
ਨਾਮ ਪਦਾਰਥ, ਪੂਰਨ ਥਾਲੀ,
ਅੰਤਰ-ਬਾਹਰ ਰੌਸ਼ਨ-ਰੌਸ਼ਨ,
ਨਿਰਭਉ ਜੋਤ ਨਿਰੰਕੁਸ਼ ਬਾਲੀ।
ਛਠੀ ਜੋਤ ਪ੍ਰਚੰਡ ਜਗੀ ਫ਼ਿਰ,
ਯੁੱਧ ਕਲਾ ਪ੍ਰਵੀਨ ਫ਼ਕੀਰੀ
ਦੁਰਲੱਭ ਮੇਲ, ਸੁਮੇਲ ਅਨੋਖਾ,
ਇੱਕ ਹੱਥ ਮੀਰੀ, ਇੱਕ ਹੱਥ ਪੀਰੀ,
ਧਰਮ ਕਰੇ, ਧੁਰ ਜੀਵਨ ਦਰਸ਼ਨ,
ਬਲ ਮਰਿਆਦਾ ਦੀ ਰਖਵਾਲੀ,
ਅੰਤਰ-ਬਾਹਰ ਰੌਸ਼ਨ ਰੌਸ਼ਨ,
ਨਿਰਭਉ ਜੋਤ ਨਿਰੰਕੁਸ਼ ਬਾਲੀ।

ਨੌਵੀਂ ਜੋਤ ਗੁਰੂ ਤੇਗ ਬਹਾਦਰ,
ਪ੍ਰੇਮ ਗਲੀ ਦੀ ਰੀਤ ਨਾ ਤੋੜੀ
ਤਿਲਕ, ਜੰਞੂ ਦੀ ਲਾਜ ਰੱਖੀ,
ਨਿਜ ਸੀਸ ਕਟਾਇਆ ਬਾਂਹ ਨਾ
ਛੋੜੀ,
ਸਰਨਾਗਤ ਨੂੰ ਕਿਹੀ ਨਿਰਾਸ਼ਾ ?
ਦਰ ਆਵੇ, ਕਿਉਂ ਜਾਵੇ ਖ਼ਾਲੀ ?
ਅੰਤਰ-ਬਾਹਰ ਰੌਸ਼ਨ-ਰੌਸ਼ਨ,
ਨਿਰਭਉ ਜੋਤ ਨਿਰੰਕੁਸ਼ ਬਾਲੀ।

ਸੰਘਣੇ ਜੀਵਨ ਰੁੱਖ ਨਾਲੋਂ ਅੱਜ,
ਪੱਤਰਾਂ ਸਣੇ ਕਰੂੰਬਲਾਂ ਝੜੀਆਂ,
ਭੈਅ ਵਰਤਾਵਣ, ਦੇ ਦੇ ਹੋਕਾ,
ਫੁੱਲਾਂ ਨੂੰ ਬਾਗ਼ਾਂ ਦੇ ਮਾਲੀ,

# ਨਜ਼ਮ


## ਸੁਰਜੀਤ ਸਖੀ


ਅੰਤਰ-ਬਾਹਰ ਰੌਸ਼ਨ-ਰੌਸ਼ਨ,
ਨਿਰਭਉ ਜੋਤ ਨਿਰੰਕੁਸ਼ ਬਾਲੀ।

ਔਰੰਗਜੇਬ ਅਜੇ ਵੀ ਹਾਕਮ,
ਗਲੀ, ਗਲੀ ਫ਼ਿਰ ਕਰੇ ਮੁਨਾਦੀ,
ਕਿਰਪਾ ਰਾਮ, ਰਹਿਮਾਨ ਯਾ ਜੋਸਫ਼,
ਸਭ ਨਿਰਦੋਸ਼ੇ, ਸਭ ਫ਼ਰਿਆਦੀ,
ਸ਼ਬਦ-ਗੁਰੂ ਦੀਆਂ ਗੰਢਾਂ ਖੁਲ੍ਹੀਆਂ,
ਬੰਦੇ ਦੀ ਕੁਲ ਜ਼ਾਤ ਸਵਾਲੀ,
ਅੰਤਰ-ਬਾਹਰ ਰੌਸ਼ਨ-ਰੌਸ਼ਨ,
ਨਿਰਭਉ ਜੋਤ ਨਿਰੰਕੁਸ਼ ਬਾਲੀ।

ਧਰਮ, ਅਨਾਦਿ-ਅੰਨਤ ਨਿਰੰਤਰ,
'ਤੋਂ-ਤਕ' ਦਾ ਕੁਝ ਭੇਦ ਨਾ ਪਾਵੇ,
ਨਵ-ਨਿੱਧ ਪੂੰਜੀ, ਗੁਰੂ ਜੋ ਬਖ਼ਸ਼ੀ,
ਨਿੱਜ ਝੋਲੀ ਵਿੱਚ ਕਿਵੇਂ ਸਮਾਵੇ ?
ਦਿਵਸ-ਰਾਤ, ਸਭ ਚਾਨਣ-ਚਾਨਣ,
ਸੂਰਜ ਦੀ ਜਿਸ ਕਿਰਨ ਸੰਭਾਲੀ,
ਅੰਤਰ-ਬਾਹਰ ਰੌਸ਼ਨ-ਰੌਸ਼ਨ,
ਨਿਰਭਉ ਜੋਤ ਨਿਰੰਕੁਸ਼ ਬਾਲੀ।

**ਸੁਰਜੀਤ ਸਖੀ**
**ਅਮਰੀਕਾ**
**+1(408)791-7918**



## ਨਜ਼ਮ

### ਦਲਜਿੰਦਰ ਰਹਿਲ



# ਇਤਿਹਾਸ ਦੇ ਪੰਨੇ

ਜਦ ਭੀੜ ਪਈ ਸੀ ਹਿੰਦੂਆਂ ਤੇ,
ਮਸਲੇ ਦਾ ਹੱਲ ਕੋਈ ਉਹੜਿਆ
ਨਾ।
ਮੰਦਿਰਾਂ ਵਿੱਚ ਟੱਲ ਖਾਮੋਸ਼ ਹੋਏ,
ਕੋਈ ਦੇਵੀ ਦੇਵਤਾ ਬਹੁੜਿਆ ਨਾ।

ਜਦੋਂ ਦਿਨੇ ਦੁਪਹਿਰੇ ਰਾਤ ਹੋਈ,
ਮਜ਼੍ਹਬਾਂ ਦੇ ਰੰਗ ਜਨੂੰਨੀ ਸੀ।
ਇਕ ਰੱਸੇ ਸੱਭ ਨੂੰ ਬੰਨਦੇ ਪਏ,
ਹਾਕਮ ਦੇ ਹੱਥ ਵੀ ਖ਼ੂਨੀਂ ਸੀ।

ਹਰ ਪਾਸੇ ਹਾਹਾਕਾਰ ਮਚੀ,
ਨਾ ਬਚਣ ਦਾ ਦਿੱਸਦਾ ਰਾਹ ਕੋਈ।
ਗੱਲ਼ ਘੁਟਿਆ ਹਿੰਦੋਸਤਾਨੀਆਂ ਦਾ,
ਸੌਖਾ ਨਾ ਆਉਂਦਾ ਸਾਹ ਕੋਈ।

ਫਿਰ ਧਰਮ ਤੋਂ ਧਰਮ ਦੀ ਰਾਖੀ
ਲਈ,
ਇਕ ਧਰਮੀਂ ਪੁਰਖ ਖਲੋਇਆ ਸੀ।

ਜਿਸ ਸੀਸ ਵਾਰਿਆ ਹਿੰਦ ਲਈ,
ਤੇ ਹਿੰਦ ਦੀ ਚਾਦਰ ਹੋਇਆ ਸੀ।

ਨੌਵੇਂ ਗੁਰੂ ਤੇਗ ਬਹਾਦਰ ਦਾ,
ਕੁੱਲ ਦੁਨੀਆਂ ਤੇ ਕੋਈ ਸਾਨੀ ਨਾ।
ਸਿਰ ਧੜ ਵੀ ਕੱਠੇ ਨਾ ਹੋਏ,
ਵੱਧ ਇਸਤੋਂ ਕੋਈ ਕੁਰਬਾਨੀ ਨਾ ।

ਅਸੀਂ ਭੁੱਲੇ ਗੁਰਾਂ ਦੀ ਸਿੱਖਿਆ ਨੂੰ,
ਤਾਹੀਓਂ ਤਾਂ ਬਿਪਤਾ ਮਾਰੇ ਹਾਂ।
ਅਸੀਂ ਜ਼ੁਲਮ ਨਾਲ ਤਾਂ ਲੱੜਦੇ ਰਹੇ,
ਪਰ ਅਪਣਿਆਂ ਹੱਥੋਂ ਹਾਰੇ ਹਾਂ।

ਇਹ ਦਿੱਲੀ ਅੱਜ ਵੀ ਓਹੀਓ ਹੈ
ਜੀਹਦੇ ਹੁਕਮਰਾਨ ਹਤਿਆਰੇ ਨੇ।
ਇਹ ਖ਼ੂਨ ਚੂਸਦੀ ਲੋਕਾਂ ਦਾ,
ਇਨੇ ਅੱਜ ਵੀ ਲੋਕੀ ਮਾਰੇ ਨੇ।

ਹੈ ਅੱਜ ਵੀ ਹਾਹਾਕਾਰ ਮਚੀ,
ਜ਼ਾਲਮ ਹਤਿਆਰੇ ਹੱਸਦੇ ਨੇ।
ਜਿੱਤ ਹੋਣੀ ਕਿਰਤੀ ਲੋਕਾਂ ਦੀ,
ਇਤਿਹਾਸ ਦੇ ਪੰਨੇ ਦੱਸਦੇ ਨੇ।

**ਦਲਜਿੰਦਰ ਰਹਿਲ**
**ਇਟਲੀ**
**00393272244388**
**dal.rahel@gmail.com**

## ਨਜ਼ਮ

ਗੁਰਦੀਸ਼ ਕੌਰ ਗਰੇਵਾਲ



ਤੇਗ ਬਹਾਦਰ ਸਿਮਰਿਐ..

ਕੋਈ ਅੱਜ ਤੋਂ ਚਾਰ ਸੌ ਸਾਲ
ਪਹਿਲਾਂ,
ਅੰਮ੍ਰਿਤਸਰ ਵਿੱਚ ਨਾਨਕ ਦਾ ਨੂਰ
ਆਇਆ।
ਛੇਵੇਂ ਗੁਰਾਂ ਦਾ ਲਾਡਲਾ ਲਾਲ ਸੀ
ਉਹ,
ਅੰਤਰ ਆਤਮ-ਰੱਬੀ ਸਰੂਰ
ਆਇਆ।
ਉੱਧਰ ਬਾਬੇ ਬਕਾਲੇ ਦੀ ਧਰਤ ਉੱਤੇ,
ਨਕਲੀ ਸਾਧਾਂ ਦਾ ਪੂਰਾਂ ਦਾ ਪੂਰ
ਆਇਆ।
'ਗੁਰੂ ਲਾਧੋ ਰੇ' ਪਾਈ ਦੁਹਾਈ ਉਹਨੇ,
ਮੱਖਣ ਸ਼ਾਹ ਜਦ ਹਾਜ਼ਰ ਹਜ਼ੂਰ
ਆਇਆ।
ਮਾਖੋਵਾਲ ਦੀ ਧਰਤ ਦੇ ਭਾਗ ਜਾਗੇ,
ਪੁਰੀ ਅਨੰਦ ਵਿੱਚ ਰੌਣਕਾਂ ਭਾਰੀਆਂ
ਨੇ।
ਜਾਣੀ ਜਾਣ ਸਤਿਗੁਰ ਧੁਰੋਂ ਜਾਣਦੇ ਨੇ,
ਕੀ ਕੀ ਹੋਣੀਆਂ ਇਥੋਂ ਤਿਆਰੀਆਂ
ਨੇ।
'ਸਾਡੀ ਅਣਖ ਤੇ ਇੱਜ਼ਤ ਦੀ ਲਾਜ
ਰੱਖੋ,
ਹੋਈਆਂ ਸਾਡੀਆਂ ਬਹੁਤ ਖੁਆਰੀਆਂ
ਨੇ'
ਕਿਹਾ ਪੰਡਤਾਂ ਗਲ ਵਿੱਚ ਪਾ ਪੱਲਾ
'ਅੱਜ ਦੇਵਤੇ ਦੇਵੀਆਂ ਹਾਰੀਆਂ ਨੇ'

ਗੁਰੂ ਘਰ ਦੀ ਵੱਡੀ ਵਡਿਆਈ
ਐਸੀ,
ਉਹਦੀ ਜੋਤਿ ਨੇ ਸਦਾ ਉਪਕਾਰ
ਕੀਤਾ।
ਜੀਹਨੇ ਓਸ ਦੇ ਦਰਦੀ ਓਟ ਤੱਕੀ,
ਭਵਸਾਗਰ ਤੋਂ ਬੇੜਾ ਹੈ ਪਾਰ ਕੀਤਾ।
ਅਨੰਦਪੁਰੀ ਤੋਂ ਚੱਲ ਆਸਾਮ ਤੀਕਰ,
ਚਹੁੰ ਕੂੰਟਾਂ 'ਚ ਸਿੱਖੀ ਪ੍ਰਚਾਰ ਕੀਤਾ।
ਓਸ ਰੱਬ ਦੀ ਰਜ਼ਾ ਵਿੱਚ ਹੋ ਰਾਜ਼ੀ,
ਦਿੱਤਾ ਭੈਅ, ਨਾ ਕਦੇ ਸਵੀਕਾਰ
ਕੀਤਾ

59 ਸ਼ਬਦ 57 ਸਲੋਕ ਬਾਣੀ,
ਤੀਹ ਰਾਗਾਂ ਤੋਂ ਇਕੱਤੀ ਬਣਾਈ
ਉਹਨਾਂ।
ਦੀਨ ਦੁਖੀ ਦਾ ਦਰਦ ਵੰਡਾਉਣ
ਖਾਤਿਰ,
ਬਾਂਹ ਪਕੜ ਕੇ ਤੋੜ ਨਿਭਾਈ
ਉਹਨਾਂ।
ਮਾਤਾ ਗੁਜਰੀ ਦੀ ਮਾਂਗ ਨੂੰ ਪੂੰਝਕੇ ਤੇ,

# ਨਜ਼ਮ

## ਗੁਰਦੀਸ਼ ਕੌਰ ਗਰੇਵਾਲ

ਤਿਲਕ ਜੰਞੂ ਦੀ ਲਾਜ ਬਚਾਈ
ਉਹਨਾਂ।
ਕਤਲ ਹੋਣ ਲਈ ਕਾਤਿਲ ਦੇ ਕੋਲ
ਜਾਣਾ,
ਇੱਕ ਅਜਬ ਮਿਸਾਲ ਰਚਾਈ
ਉਹਨਾਂ।

ਔਰੰਗਜ਼ੇਬ ਦੇ ਜ਼ੁਲਮ ਦੀ ਹੱਦ ਹੋ
ਗਈ,
ਲਹੂ ਲੁਹਾਨ ਜਦ ਹਿੰਦੁਸਤਾਨ
ਹੋਇਆ।
ਜ਼ਬਰ ਦੇਖ ਖ਼ੁਦਾ ਵੀ ਕੰਬ ਉੱਠਿਆ,
ਦੁਖੀ ਹਰੀ ਦਾ ਹਰ ਇਨਸਾਨ
ਹੋਇਆ।
ਧਨੀ ਤੇਗ ਦਾ, ਹਿੰਦ ਦੀ ਬਣ
ਚਾਦਰ,
ਜਦ ਪੀਰਾਂ ਦਾ ਪੀਰ ਕੁਰਬਾਨ
ਹੋਇਆ।
ਦਿਲ ਦਿੱਲੀ ਦਾ ਕੰਬਿਆ ਓਸ ਵੇਲੇ,
ਹਨੇਰੀ ਝੁੱਲ ਕੇ ਤੇਜ਼ ਤੂਫਾਨ
ਹੋਇਆ।

ਸਾਡੇ ਸਬਰ ਦਾ ਕੀ ਇਮਤਿਹਾਨ
ਲੈਣਾ,
ਗੁੜ੍ਹਤੀ ਮਿਲੀ ਹੈ ਸਾਨੂੰ ਕੁਰਬਾਨੀਆਂ
ਦੀ।
ਤੱਤੀ ਤਵੀ ਤੇ ਆਰੇ ਤੋਂ ਪੁੱਛ ਵੇਖੋ,
ਦੇਗੀਂ ਉੱਬਲ਼ ਗਈਆਂ ਜ਼ਿੰਦਗਾਨੀਆਂ
ਦੀ।
ਰੂੰ ਵਿੱਚ ਵਲ੍ਹੇਟ ਕੇ ਸਾੜ ਭਾਵੇਂ,
ਕਤਾਰ ਲੰਬੀ ਹੈ ਸਿਰਾਂ ਦੇ ਦਾਨੀਆਂ
ਦੀ।
ਸਾਡੇ ਸਬਰ ਦੀ ਜਬਰ ਤੇ ਫਤਹਿ
ਹੋਣੀ,
ਸਜ਼ਾ ਸਹਿਣਗੇ ਜ਼ਾਲਿਮ ਸ਼ੈਤਾਨੀਆਂ
ਦੀ।

ਜਿਹਨਾਂ ਲਈ ਤੂੰ ਡੋਲ੍ਹਿਆ ਖ਼ੂਨ
ਆਪਣਾ,
ਓਹੀ ਦਾਤਿਆ ਤੇਰਾ ਅਹਿਸਾਨ ਭੁੱਲ
ਗਏ।
ਅੱਜ ਵਿਸ਼ੇ ਵਿਕਾਰਾਂ ਤੇ ਚੌਧਰਾਂ ਵਿੱਚ,
ਤੇਰਾ ਧਰਮ ਲਈ ਦਿੱਤਾ ਬਲੀਦਾਨ
ਭੁੱਲ ਗਏ।
ਇਸ ਹਉਮੈਂ ਦੀ ਅੱਗ ਵਿੱਚ ਸੜਨ
ਲੱਗੇ,
ਦਾਤਾ ਬਖਸ਼ਿਆ ਤੇਰਾ ਗਿਆਨ ਭੁੱਲ
ਗਏ।
'ਦੀਸ਼' ਆਖਦੀ ਬਖਸ਼ ਹੁਣ ਭੁੱਲਿਆਂ
ਨੂੰ,
ਜੀਵਨ-ਜਾਚ ਦੀ ਸਹੀ ਪਹਿਚਾਨ ਭੁੱਲ
ਗਏ।

**ਗੁਰਦੀਸ਼ ਕੌਰ ਗਰੇਵਾਲ**
**ਕੈਲਗਰੀ, ਕੈਨੇਡਾ**
**9872860488**

# ਨਜ਼ਮ

## ਹਰਜਿੰਦਰ ਕੰਗ



### ਨਜ਼ਮ

ਧਰਮ ਨਿਭਾਇਆ ਧਰਮ ਦਾ ਸੀਸ
ਬਚਾਉਣ ਲਈ।
ਗਏ ਤੇਗ਼ ਬਹਾਦਰ ਦਿੱਲੀ ਸੀਸ
ਕਟਾਉਣ ਲਈ।
ਗੁਰੂ ਤੇਗ਼ ਬਹਾਦਰ ਸੀਸ ਦੀ ਭੇਟ
ਚੜ੍ਹਾਉਣ ਲਈ।
ਜਦ ਦਿਨ ਦੀਵੀ ਹਰ ਪਾਸੇ ਖ਼ੌਫ਼ ਦਾ
ਨ੍ਹੇਰਾ ਸੀ
ਕੋਈ ਹਾਕਮ ਅੱਗੇ ਬੋਲੇ ਕਿੱਥੇ ਜੇਰਾ
ਸੀ
ਮੰਨ ਬੇਨਤੀ ਪੰਡਿਤਾਂ ਦੀ ਕਮਜ਼ੋਰਾਂ ਦੀ
ਹਉਮੈ ਦੀ ਸਿਲ ਭੰਨਣ ਲਈ ਮੂੰਹ
ਜੋਰਾਂ ਦੀ
ਜਬਰ ਜ਼ੁਲਮ ਦੀ ਨ੍ਹੇਰੀ ਨੂੰ ਠੱਲ
ਪਾਉਣ ਲਈ...
ਸਾੜੇ ਗੁਰਾਂ ਨੇ, ਧਰਮਾਂ ਵਿਚਲੇ ਸਾੜੇ
ਸਭ
ਬਲਸ਼ਾਲੀ ਕੀਤੇ ਸੀ, ਮਜ਼ਲੂਮ
ਲਿਤਾੜੇ ਸਭ
ਧਰਮੀ ਸਿਦਕੀ ਸੱਚੇ, ਕਦੇ ਵੀ
ਡੋਲਣ ਨਾ
ਸਿਰ ਦੇ ਦਿੰਦੇ, ਪੱਗ ਨੂੰ ਦਿੰਦੇ ਰੋਲਣ
ਨਾ
ਇੱਕੋ ਨੂਰ ਹੈ ਸਭ ਵਿੱਚ ਗੱਲ
ਸਮਝਾਉਣ ਲਈ ...
ਦੁਖੀਆਂ ਦੀ ਬਾਂਹ ਫੜ ਲਈ, ਤੇਗ਼
ਬਹਾਦਰ ਜੀ
ਦੀਨ ਦੁਖੀ ਲਈ ਬਣ ਗਏ, ਹਿੰਦ ਦੀ
ਚਾਦਰ ਜੀ
ਸੀਸ ਵਾਰਿਆ, ਨਹੀਂ ਅਸੂਲ
ਤਿਆਗੇ ਜੀ
ਤਾਂ ਜੋ ਧਾਰ ਧਰਮ ਦੀ, ਧਰਮਾਂ ਦੇ
ਵਿੱਚ ਜਾਗੇ ਜੀ
ਜੋਤ ਧਰਮ ਦੀ ਧਰਮਾਂ ਵਿੱਚ
ਜਗਾਉਣ ਲਈ ...
ਨੂਰ ਚਾਂਦਨੀ ਚੌਂਕ ਦਾ ਦਿਲਾਂ 'ਚ
ਵਸਦਾ ਏ
ਇਹ ਸਾਕਾ ਸਾਨੂੰ ਸਿਦਕ ਦਾ ਰਸਤਾ
ਦੱਸਦਾ ਏ
ਝੱਖੜਾਂ ਵਿੱਚ ਵੀ ਬਲਦੇ
ਲਹੂ-ਚਿਰਾਗ਼ ਸਦਾ
ਮਾਨਵਤਾ ਨੂੰ ਲੱਗੇ ਰਹਿੰਦੇ ਭਾਗ ਸਦਾ
ਮਾਨਵਤਾ ਦੇ ਪਰਚਮ ਨੂੰ ਲਹਿਰਾਉਣ
ਲਈ ...
ਚੌਂਕ ਚੌਂਕ ਕੇ ਚਾਂਦਨੀ ਚੌਂਕ ਪੁਕਾਰ
ਰਿਹਾ
ਧਰਮ ਰਹੂ ਜੇ ਤਕੜਾ ਵਿੱਚ ਵਿਚਾਰ
ਰਿਹਾ
ਜੇ ਜਿਉਣ ਫ਼ਲਸਫ਼ੇ, ਕੌਮਾਂ ਫੇਰ ਨ
ਢਹਿੰਦੀਆਂ ਨੇ
ਆਫ਼ਤ ਵਿੱਚ ਵੀ ਚੜ੍ਹਦੀ ਕਲਾ 'ਚ
ਰਹਿੰਦੀਆਂ ਨੇ
ਜਾਨ ਦਿੱਤੀ 'ਕੰਗ' ਜਾਨ ਕੌਮ ਵਿੱਚ
ਪਾਉਣ ਲਈ ...

**ਹਰਜਿੰਦਰ ਕੰਗ**
**ਫਰਿਜ਼ਨੋ, ਅਮਰੀਕਾ**
**001 559 917 4890**

# ਨਜ਼ਮ

## ਬੀਬੀ ਸੁਰਜੀਤ ਕੌਰ ਸੈਕਰਾਮੈਂਟੋ



### ਨੌਵੇਂ ਸਤਿਗੁਰੂ ਜੀ ਕਬਿੱਤ

ਦਿੱਲੀ ਦੀਆਂ ਗਲੀਆਂ ਮੁਹਲਿਆ
'ਚ ਡੌਂਡੀ ਪਿੱਟੀ, ਅੱਜ ਕੋਈ ਜ਼ੁਲਮ
ਨਿਆਰਾ ਕੀਤਾ ਜਾਣਾ ਏ,
ਆਇਆ ਏ ਆਨੰਦਪੁਰੋਂ ਚੱਲਕੇ
ਉਹ ਸੀਸ ਦੇਣ, ਦਿੱਲੀ ਦੀ ਹਕੂਮਤ
ਦੇ ਨਾਲ ਟਕਰਾਣਾ ਏ,
ਨਿੱਕੇ ਜਹੇ ਗੋਬਿੰਦ ਉਹਦੇ ਪੁਤ ਉਹਨੂੰ
ਕਿਹੈ ਬਾਪੂ, ਸੀਸ ਦੇ ਕੇ ਜਾਲਮਾਂ ਦੇ
ਰਾਜ ਨੂੰ ਮੁਕਾਣਾ ਏ,
ਦੇ ਕੇ ਬਲੀਦਾਨ ਜਾਹ ਬਚਾਲੈ ਸਾਰੇ
ਹਿੰਦੂਆਂ ਨੂੰ, ਤੇਰੇ ਬਿਨਾ ਹੋਰ ਕਿੰਨੇ
ਦੇਸ ਨੂੰ ਬਚਾਣਾ ਏ,

ਭਾਈ ਮਤੀ ਦਾਸ ਤਾਈਂ ਫੱਟਿਆਂ
'ਚ ਬੰਨਕੇ ਤੇ, ਰੱਖਿਆ ਜਲਾਦ ਜਦੋਂ
ਸੀਸ ਉਤੇ ਆਰਾ ਏ,
ਇੱਕ ਖਿੱਚੇ ਇਕ ਪਾਸੇ ਦੂਜਾ ਖਿੱਚੇ
ਦੂਜੇ ਪਾਸੇ, ਚੱਲ ਰਿਹਾ ਸੀਸ ਵਿਚੋਂ
ਖੂਨ ਦਾ ਫੁਹਾਰਾ ਏ,
ਲਾਲ ਲਾਲ ਲਹੂ ਦਾ ਗੁਲਾਲ ਜਦੋਂ
ਉੱਡਿਆ ਤਾਂ ਦੁਨੀਆਂ ਹੈਰਾਨ ਹੋਈ
ਵੇਖਕੇ ਨਜ਼ਾਰਾ ਏ,
ਤਾਂਹੀਓ 'ਸੁਰਜੀਤ' ਸਿਖ ਕੌਮ ਸਾਰੀ
ਆਖਦੀ ਏ ਚਾਂਦਨੀ ਚੌਕ ਸਾਨੂੰ ਜਾਨ
ਤੋ ਵੀ ਪਿਆਰਾ ਏ,

ਭਾਈ ਸਤੀ ਦਾਸ ਤਾਈਂ ਰੂੰ 'ਚ
ਲਪੇਟ ਕੇ, ਜਲਾਦਾਂ ਜਦੋਂ ਅੱਗ ਲਾਈ
ਕੰਬਿਆ ਜਹਾਨ ਏ,
ਅੱਗ ਵਿਚੋਂ ਜਪੁ ਜੀ ਦੇ ਪਾਠ ਦਾ
ਅਵਾਜਾ ਸੁਣ, ਕੰਬਿਆ ਔਰੰਗਾ ਨਾਲੇ
ਕੰਬਿਆ ਕੁਰਾਨ ਏ,
ਕੰਬਿਆ ਹਿਮਾਲਾ ਸਾਰੀ ਕੰਬੀ ਏ
ਵਨਸਪਤੀ, ਰੋਈ ਸਾਰੀ ਧਰਤੀ ਤੇ
ਰੋਇਆ ਅਸਮਾਨ ਏ,
ਪਿੰਜਰੇ 'ਚ ਬੈਠੇ ਮੇਰੇ ਨੌਵੇਂ ਗੁਰੂ
ਆਖਦੇ ਨੇ ਭਾਈ ਸਤੀ ਦਾਸ ਤੇਰੀ
ਕਰਨੀ ਮਹਾਨ ਏ,

ਭਾਈ ਜੀ ਦਿਆਲੇ ਖਾਦੇ ਦੇਗ 'ਚ
ਉਬਾਲੇ,ਤਨ ਹੋਇਆ ਛਾਲੇ ਛਾਲੇ ਪਰ
ਚਿਹਰੇ ਤੇ ਜਲਾਲ ਏ,
ਖੰਨਿਉਂ ਹੈ ਤਿੱਖੀ ਅਤੇ ਵਾਲ ਤੋਂ
ਬਰੀਕ ਸਿੱਖੀ, ਇਹਦੇ ਉੱਤੇ ਚੱਲਣਾ
ਏ ਜਿਦ ਬਾ-ਕਮਾਲ ਏ,
ਮੁੜਕੇ ਨਾ ਆਵਣਾ ਏ ਮੌਤ ਨੂੰ
ਵਿਆਹਵਣਾ ਏ ਜੱਗ ਨੂੰ ਦਿਖਾਵਣਾ
ਏ ਸਿਖੀ ਦੀ ਇਹ ਚਾਲ ਏ,
ਭਾਈ ਮਤੀ ਦਾਸ, ਸਤੀ ਦਾਸ,
ਤੇ ਦਿਆਲੇ ਪਾਇਆ, ਜਪੁਜੀ ਦਾ

## ਨਜ਼ਮ

## ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

ਭੋਗ ਕਿਹਾ ਕੇਤੀ ਛੁਟੀ ਨਾਲ ਏ,

ਬੈਠ ਚੌਂਕ ਚਾਂਦਨੀ 'ਚ ਗੁਰਾਂ ਕਿਹਾ
ਔਰੰਗੇ ਤਾਈਂ ਜਾਲਮਾਂ ਮੈਂ ਸੀਸ ਦੇ
ਕੇ ਧਰਮ ਬਚਾਵਾਂਗਾ,
ਚਾਹੁੰਨਾ ਏਂ ਤੂੰ ਦੋਹਾਂ ਤੋਂ ਜੋ ਧਰਮ
ਬਨਾਉਣਾ ਇੱਕ, ਪਾਪੀਆ ਮੈਂ ਤੀਜਾ
ਹੋਰ ਧਰਮ ਚਲਾਵਾਂਗਾ,
ਬੈਠਕੇ ਤਖ਼ਤ ਉੱਤੇ ਦਸਵੇਂ ਸਰੂਪ
ਵਿਚ
ਨਵਾਂ ਤੇ ਨਿਆਰਾ ਪੰਥ ਖਾਲਸਾ
ਸਜਾਵਾਂਗਾ,
ਹੋ ਕੇ 'ਸੁਰਜੀਤ' ਨਾਸ ਕਰਾਂਗਾ ਮੈਂ
ਜ਼ਾਲਮਾਂ ਦਾ, ਸਵਾ ਸਵਾ ਲੱਖ ਨਾਲ
ਇੱਕ ਨੂੰ ਲੜਾਵਾਂਗਾ,
ਸਾਰੀ ਦਿੱਲੀ ਹੋਈ ਸੀ ਇਕੱਠੀ ਚੌਂਕ
ਚਾਂਦਨੀ 'ਚ, ਗਲੀਆਂ ਮੁਹੱਲਿਆਂ 'ਚ
ਪਈ ਸੁੰਨਸਾਨ ਏ,
ਚੌਂਕੜਾ ਸਜਾਕੇ ਗੁਰੂ ਬਾਣੀ ਪਏ
ਪੜਦੇ ਸੀ ਲੋਕੀ ਕਹਿਣ ਇਹ ਤਾਂ
ਆਇਆ ਆਪ ਭਗਵਾਨ ਏ,
ਆਖਦਾ ਏ ਕਾਜੀ ਪੜੋ ਕਲਮਾ ਤੇ
ਛੱਡ ਦੇਸਾਂ ਸ਼ਹਿਨਸ਼ਾਹ ਔਰੰਗਜੇਬ
ਕੀਤਾ ਫ਼ੁਰਮਾਨ ਏ,
ਗੁਰਾਂ ਕਿਹਾ ਕਾਜੀਆ ਮੈਂ ਆਇਆਂ
ਬਲੀਦਾਨ ਦੇਣ ਇਹੋ ਮੇਰਾ ਦੀਨ ਹੈ ਤੇ
ਇਹੋ ਹੀ ਈਮਾਨ ਏ,
ਸਿਖਰ ਦੁਪਹਿਰੇ ਛਾਇਆ ਘੋਰ ਸੀ
ਹਨੇਰਾ, ਜਦੋਂ ਧੜ ਨਾਲ਼ੋਂ ਸੀਸ ਕੀਤਾ
ਵੱਖ ਸੀ ਸ਼ੈਤਾਨ ਨੇ,
ਚੱਪਾ ਚੱਪਾ ਧਰਤੀ ਦਾ ਵੈਣ ਜਦੋਂ
ਪਾਉਣ ਲੱਗਾ, ਟਿਪ ਟਿਪ ਅੱਥਰੂ ਸੀ
ਕੇਰੇ ਆਸਮਾਨ ਨੇ,
ਛੁਪ ਗਿਆ ਸੂਰਜ, ਹਨੇਰ ਦਿਨੇ ਛਾ
ਗਿਆ ਸੀ, ਪਿੱਟੀਆਂ ਸੀ ਆਇਤਾਂ
ਪਾਈਆਂ ਲਾਹਣਤਾਂ ਕੁਰਾਨ ਨੇ,
ਜਦੋਂ ਤੀਕ ਖੰਡ ਬਰਹਿਮੰਡ ਵਰਭੰਡ
ਰਹਿਣੇ, ਖਾਣੀਆਂ ਨੇ ਫਿਟਕਾਂ ਔਰੰਗੇ
ਬੇਈਮਾਨ ਨੇ,

ਢਿਡੋਂ ਭੁੱਖੇ ਭਾਣੇ ਤੇ ਨਿਮਾਣੇ
ਕਸ਼ਮੀਰੀਆਂ ਨੂੰ, ਗਲ ਲਾਕੇ ਦਿਤਾ
ਜਿਨੇ ਆਦਰ ਉਹ ਤੂ ਹੀ ਏਂ,
ਬੈਠ ਚੌਕ ਚਾਂਦਨੀ 'ਚ ਸੀਸ ਨੂੰ
ਕਟਾਉਣ ਵਾਲਾ ਯੋਧਾ ਅਤੇ ਹਿੰਦੀਆਂ
ਦੀ ਚਾਦਰ ਉਹ ਤੂ ਹੀ ਏਂ,
ਬਾਣੀ ਵੀ ਉਚਾਰਦਾ ਏ ਡੁੱਬੇ ਬੇੜੇ
ਤਾਰਦਾ ਏ ਜ਼ਾਲਮਾਂ ਲਈ ਤੇਗ ਦਾ
ਬਹਾਦਰ ਉਹ ਤੂ ਹੀ ਏਂ,
ਤੇਰੇ ਬਿਨਾਂ ਪਿਤਾ ਕਿਨੇ ਦੇਸ਼ ਨੂੰ
ਬਚਾਵਣਾ ਸੀ, ਜੋ ਹੈ ਇਸ ਸਰਿਸ਼ਟੀ
ਦਾ ਕਾਦਰ ਉਹ ਤੂ ਹੀ ਏਂ,

**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਯੂ. ਐਸ. ਏ.**
**+19164779555**

## ਨਜ਼ਮ

**ਦਲਵੀਰ ਕੌਰ**



### ‘ਹੇ ਤਿਆਗ ਮੱਲ’

“ਹੇ ਗੁਰੁ ਹਰਗੋਬਿੰਦ ਜੀ ਦੇ ਲਾਲ
ਹੇ ਮਾਤਾ ਨਾਨਕੀ ਦੇ ਦੁਲਾਰੇ
ਅੰਮ੍ਰਿਤਸਰ ਦੀ ਮੁਬਾਰਕ ਧਰਤ ’ਤੇ
ਖੇਡਣ ਵਾਲੇ ਸੋਹਣੇ ‘ਤਿਆਗਮਲ’
...ਤੇਰੇ ਪਤਨੀ ਪੁੱਤਰ ਪੋਤਿਆਂ ਨੂੰ
ਮੈਂ ਨੱਤਮਸਤਕ ...
ਨੱਤਮਸਤਕ ਹਾਂ ...
ਭਾਈ ਮਤੀ ਦਾਸ,ਭਾਈ ਸਤੀ ਦਾਸ
ਭਾਈ ਦਿਆਲਾ ਨੂੰ
... ਹੇ ਦੇਗ ਦੇ ਧਨੀ
ਗੁਰੁ ਤੇਗ ਬਹਾਦਰ ਜੀਓ
ਮੈਂ ਤੇਰੇ ਜਨਮ ਨੂੰ ਨੱਤਮਸਤਕ
ਨੱਤਮਸਤੱਕ ਹਾਂ ਤੇਰੀ ਸ਼ਹਾਦਤ ਨੂੰ !

ਮੈਂ ਜਦ ਵੀ ਆਪਣੇ ਪੁੱਤਰ ਨੂੰ
ਤੇਰੇ ਚਾਂਦਨੀ ਚੌਂਕ ਤੋਂ ਸੀਸ ਗੰਜ ਗੁਰੁ
ਘਰ ਤੱਕ ਦੇ
ਸਫਰ ਦੀ ਗਾਥਾ ਸੁਣਾਂਉਂਦੀ ਹਾਂ
ਤਾਂ ਉਹ ਪ੍ਰੇਸ਼ਾਨ ਹੋ ਕੁਝ ਸਵਾਲ
ਲਿਖਣ ਬੈਠ ਜਾਂਦਾ ਹੈ
‘ਗੁਰੁ ਲਾਧੋ ਰੇ’ ਦੀ ਆਵਾਜ਼ ਸੁਣਦੀ
ਹੈ’
ਪੰਜ ਤੇ ਪੰਜ ਸੌ ਮੋਹਰਾਂ ਵਾਲਾ
‘ਮੱਖਣ ਸ਼ਾਹ ਲੁਬਾਣਾ’
ਸ਼ਾਇਦ ਹੁਣ ਵੀ ਕਿਧਰੇ ਆ ਮਿਲੇਗਾ
... ਸੱਚੀ ਆਸਥਾ ਦਾ ਸਬਕ ਦੇਵੇਗਾ
ਮੇਰੇ ਪੁੱਤਰ ਨੂੰ
ਬਹੁੜੇਗਾ ਤੇਗ ਦਾ ਧਨੀ
ਤੇ ਚੜਦੀ ਕਲਾ ਦੀ ਰਮਜ਼
ਸਮਝਣ ਲੱਗ ਜਾਵੇਗਾ
ਮੇਰਾ ਬੱਚਾ ...

### ਸ਼ਹੀਦ

ਦੂਜੇ ਦੀ ਹਿਫਾਜ਼ਤ ਲਈ ਸ਼ਹੀਦ ਹੋਣਾ
ਤੇ ‘ਹੈ ਜਜ਼ਬੇ ਦੀ ਪਾਕੀਜ਼ਗੀ
ਆਪੇ ਨੂੰ ਲਾਂਭੇ ਕਰ’
‘ਪਰ ਦਾ ਹੰਝੂ ਹੋਣਾ
ਹੈ ਰਹਿਬਰੀ ...
ਮਜ਼ਲੂਮ ਦੀ ਭੁੱਖ ਆਪਣੇ ਸੀਨੇ ‘ਚ
ਧਰ ਲੈਣੀ
ਸਰਬੱਤ ਦੇ ਭਲੇ ਦੀ ਹੋੜ ਚਾਹਤ
ਜਨੂੰਨ
ਤੇ ਇਹ ‘ਹੀ ਕਮਾਈ ਨੂੰ
ਦਿਨ-ਚਰਿਆ ਦਾ ਧਰਮ ਮਨ
ਬਹਿਣਾਂ
ਸ਼ਹੀਦ ਦੀ ਰਹਿਗੁਜ਼ਰ ਦਾ ਹੈ
ਪਹਿਲਾ ਤੇ ਆਖਰੀ ਹਿੰਦਸਾ
ਪ੍ਰਣਾਮ ...
ਸ਼ਹੀਦਾਂ ਨੂੰ ਪ੍ਰਣਾਮ

**ਦਲਵੀਰ ਕੌਰ**
**ਯੂ. ਕੇ.**
**+447496267122**

## ਨਜ਼ਮ


## ਗੁਰਮੇਲ ਕੌਰ ਸੰਘਾ



### ਗੁਰੂ ਤੇਗ ਬਹਾਦਰ ਜੀ

ਗੁਰੂ ਤੇਗ ਬਹਾਦਰ,
ਹਿੰਦ ਦੀ ਚਾਦਰ,
ਸੀਸ ਧਰਮ ਤੋਂ ਵਾਰ ਗਏ।
ਮੁ.ਗਲ ਸਰਕਾਰ,
ਚੁੱਕੀ ਤਲਵਾਰ,
ਕਰਕੇ ਵਾਰ ਵੀ ਹਾਰ ਗਏ।
ਗੁਰੂ ਤੇਗ ਬਹਾਦਰ,
ਹਿੰਦ ਦੀ ਚਾਦਰ............।
ਸੇਵਾ, ਭਗਤੀ ਤੇ ਕੁਰਬਾਨੀ,
ਜੱਗ ਦੇ ਵਿੱਚ ਮਿਸਾਲ ਲਾਸਾਨੀ,
ਜ਼ਾਲਮ ਕਰਦੇ ਰਹੇ ਨਾਦਾਨੀ,
ਸਤਿਗੁਰ ਕਰ ਉਪਕਾਰ ਗਏ।
ਗੁਰੂ ਤੇਗ ਬਹਾਦਰ............।
ਧਰਮਾਂ-ਜ਼ਾਤਾਂ ਦੇ ਵਿੱਚ ਵੰਡੀ,
ਬਣੀ ਲੋਕਾਈ ਪਾਪ ਦੀ ਮੰਡੀ,
ਇੱਕ ਦੂਜੇ ਨੂੰ ਜਾਂਦੇ ਭੰਡੀ,
ਹੁਕਮਰਾਨ ਹੰਕਾਰ ਗਏ।
ਗੁਰੂ ਤੇਗ ਬਹਾਦਰ............।
ਦਿੱਲੀ ‘ਚ ਧਰਮ ਲਈ ਸੀਸ ਕਟਾ
ਗਏ, ਮਜ਼ਲੂਮਾਂ ਲਈ ‘ਸੰਘਾ’ ਸ਼ਹੀਦੀ
ਪਾ ਗਏ,
ਮਨੁੱਖਤਾ ਦਾ ਸਬਕ ਸਿਖਾ ਗਏ,
ਬਿਨ ਬੋਲਿਆਂ ਸੱਚ ਪਰਚਾਰ ਗਏ।
ਗੁਰੂ ਤੇਗ ਬਹਾਦਰ............।
ਗੁਰੂ ਤੇਗ ਬਹਾਦਰ,
ਹਿੰਦ ਦੀ ਚਾਦਰ,
ਸੀਸ ਧਰਮ ਤੋਂ ਵਾਰ ਗਏ।
ਮੁ.ਗਲ ਸਰਕਾਰ,
ਚੁੱਕੀ ਤਲਵਾਰ,
ਕਰਕੇ ਵਾਰ ਵੀ ਹਾਰ ਗਏ।
ਗੁਰੂ ਤੇਗ ਬਹਾਦਰ,
ਹਿੰਦ ਦੀ ਚਾਦਰ............।

ਗੁਰਮੇਲ ਕੌਰ ਸੰਘਾ
ਲੰਡਨ
+447846952178



## ਨਜ਼ਮ

ਡਾ. ਦਵਿੰਦਰ ਸਿੰਘ ਜੀਤਲਾ



### ਨੌਵੇਂ ਗੁਰੂ ਤੇਗ ਬਹਾਦਰ

ਜਗਤ ਗੁਰੂ ਤੇਗ ਬਹਾਦਰ ਦਾ
ਪਰਕਾਸ਼ ਪੁਰਬ ਮਨਾਉਂਦੇ ਹਾਂ,
ਕਰ ਵਿਚਾਰ ਉਸ ਦੀ ਬਾਣੀ ਦੀ
ਸ਼ਰਧਾ ਦੇ ਫੁਲ ਚੜ੍ਹਾਉਂਦੇ ਹਾਂ ।

ਅੰਮ੍ਰਿਤ ਵੇਲੇ ਜਪੁ ਜੀ ਸ਼ਾਮੀਂ
ਰਹਿਰਾਸ ਤੇ ਸੋਹਿਲਾ ਗਾਉਂਦੇ ਹਾਂ,
ਯਾਦ ਕਰ ਉਸ ਦੀ ਕੁਰਬਾਨੀ ਨੂੰ
ਲੱਖ ਵਾਰੀ ਸੀਸ ਝੁਕਾਉਂਦੇ ਹਾਂ ।

ਉਹ ਮੁਰਸ਼ਦ ਸੀ ਉਹ ਪੀਰ ਸੀ ਉਹ
ਸੰਤ ਸੀ ਇਕ ਫਕੀਰ ਸੀ,
ਬਾਬਾ ਗੁਰੂ ਨਾਨਕ ਦੇ ਫਲਸਫ਼ੇ ਦੀ
ਉਹ ਤਾਂ ਨੌਵੀਂ ਤਸਵੀਰ ਸੀ।

ਨਿਮਾਣਿਆਂ ਦਾ ਉਹ ਮਾਣ ਸੀ ਤੇ
ਨਿਤਾਣਿਆਂ ਦਾ ਉਹ ਤਾਣ ਸੀ,
ਦਮ ਘੋਟੂ ਜ਼ਾਲਮ ਫਿਜ਼ਾ ਅੰਦਰ
ਬੇਜਾਨ ਦੀ ਉਹ ਜਿੰਦ ਜਾਨ ਸੀ।

ਕਸ਼ਮੀਰੀ ਪੰਡਤਾਂ ਦੀ ਉਹ ਆਸ ਸੀ
ਦੀਨ ਦੁਖੀ ਦਾ ਧਰਵਾਸ ਸੀ,
ਧਰਮ ਈਮਾਨ ਦੀ ਰੱਖਿਆ ਲਈ
ਬਾਲ ਗੋਬਿੰਦ ਦਾ ਵਿਸ਼ਵਾਸ ਸੀ।

ਮਾਤਾ ਗੁਜਰੀ ਦੀ ਜ਼ਿੰਮੇਵਾਰੀ ਸੀ
ਖਾਲਸਾ ਸਾਜਨਾ ਦੀ ਰਾਹਦਾਰੀ ਸੀ,
ਨਾਜ਼ੁਕ ਉਮਰੇ ਨੀਹਾਂ ਵਿੱਚ ਡੱਟਣਾ
ਤੀਸਰੀ ਪੀੜ੍ਹੀ ਲਈ ਖੁਮਾਰੀ ਸੀ।

ਧਰਤੀ-ਏ-ਹਿੰਦ ਦੀ ਉਹ ਚਾਦਰ ਸੀ
ਸਹਿਨਸ਼ੀਲਤਾ ਦੀ ਗਾਗਰ ਸੀ,
ਚਾਂਦਨੀ ਚੌਕ ਵਿੱਚ ਸੀਸ ਵਾਰਿਆ
ਤੇਗ ਦਾ ਧਨੀ ਤੇਗ ਬਹਾਦਰ ਸੀ।

**ਡਾ. ਦਵਿੰਦਰ ਸਿੰਘ ਜੀਤਲਾ**
**ਸਿਡਨੀ, ਆਸਟਰੇਲੀਆ**
**+61400443419**

## ਨਜ਼ਮ

### ਜੀਤ ਸੁਰਜੀਤ



### ਸਾਡੇ ਸਤਿਗੁਰ ਤੇਗ ਬਹਾਦਰ

ਦੁਖੀਏ ਚੱਲ ਕੇ ਆਏ ਗੁਰ ਘਰ।
ਸਹਿ ਨਹੀਂ ਹੁੰਦਾ,ਹੋਰ ਨਿਰਾਦਰ।
ਜ਼ੁਲਮ ਦੀ ਹੱਦ ਨੂੰ, ਜ਼ਾਲਮ ਭੁਲਾ,
ਪਰ ਸਾਡੇ ਸਿਰ,ਧਰਮ ਦੀ ਚਾਦਰ।

ਮੂਲ ਆਸਾਡਾ ਖ਼ਤਰੇ ਵਿੱਚ ਹੈ,
ਫਿਰ ਤੋਂ ਆ ਗਿਆ ਜ਼ੁਲਮੀ ਬਾਬਰ ;
ਇੱਕੋ ਇੱਕ ਸਹਾਰਾ ਬਚਿਆ,
ਸਾਡੇ ਲਈ ਗੁਰੂ ਨਾਨਕ ਦਾ ਦਰ।

ਹੋਠਾਂ ਉੱਤੇ, ਨਾਮ ਦਾ ਸਿਮਰਨ,
ਤੇ ਦਿਲ ਵਿਚ ਗੁੱਝੇ, ਭੇਤ ਅਮਰ ;
ਦਿੱਲੀ ਵੱਲ ਰਵਾਨਾ ਹੋਏ,
ਦੀਨ ਦੁਖੀ ਦੇ ਵਾਲੀ ਸਤਿਗੁਰ।


ਜ਼ੁਲਮ ਦਾ ਆਰਾ ਚੱਲਦਾ ਦੇਖ ਕੇ,
ਗੁਰਸਿੱਖਾਂ ਬਿਨ,ਸਭ ਗਏ ਘਾਬਰ ।
ਸੱਚ ਸਤੀ ਵੀ ਹੁੰਦਾ ਤੱਕਿਆ,
ਰੂੰ ਦੇ ਮੱਚਦੇ, ਭਾਂਬੜ ਅੰਦਰ ।

ਦੇਗ ਦਿਆਲਾ, ਇਕਮਿਕ ਹੋ ਗਏ,
ਇਸ ਤੋਂ ਹੋਰ ਕੀ, ਹੋਣਾ ਬਿਹਤਰ ?
ਤੇਗ ਦੇ ਸਾਹਵੇਂ ਸੀਸ ਨਾ ਝੁਕਿਆ,
ਧੰਨ ਗੁਰ,ਧੰਨ ਗੁਰ ਤੇਗ ਬਹਾਦਰ ।

ਦੇਖ ਸ਼ਹਾਦਤ ਕੰਬ ਗਏ ਸੀ,
ਇਹ ਜੱਗ ਸਾਰਾ,ਧਰਤੀ ਅੰਬਰ ।
ਧਰਮ ਦੀ ਖਾਤਿਰ,ਸੀਸ ਕਟਾ ਕੇ,
ਕਰਨਾ ਦੱਸਿਆ ,ਧਰਮ ਦਾ
ਆਦਰ।

ਹਿੰਦੂ, ਮੁਸਲਿਮ, ਸਿੱਖ, ਈਸਾਈ
ਸਭ ਦੇ ਮਨ ਵਿਚ,ਇੱਕੋ ਰਹਿਬਰ।
ਮਾਨਵ ਧਰਮ ਹੀ,ਸਰਵੋਤਮ ਹੈ,
ਮਾਨਵਤਾ ਦੀ, 'ਜੀਤੋ ਮੁਤਾਸਿਰ ।

**ਜੀਤ ਸੁਰਜੀਤ**
**ਬੈਲਜੀਅਮ**
**+32 484 48 03 54**



## ਨਜ਼ਮ

## ਹਰਦਿਆਲ ਚੀਮਾ



### ਧਰਮ ਦੀ ਚਾਦਰ

ਜੇ ਤੂੰ ਔਰੰਗਜ਼ੇਬ ਹੈ, ਤਾਂ ਮੈਂ ਵੀ ਤੇਗ ਹਾਂ
ਅਗਰ ਤੂੰ ਬਾਦਸ਼ਾਹ ਮੈਂ ਰੱਬ ਦਾ ਫ਼ਕੀਰ ਹਾਂ !
ਮੇਰੇ ਵਿੱਚ ਸਬਰ,ਜਬਰ ਨਾਲ ਲੜਨਾ
ਕੋਈ ਤਾਕਤ ਨਹੀਂ ਮੈਨੂੰ ਜੋ ਮੇਟ ਸਕੇ
ਕਿਉਂ ਕੀ ਪੱਥਰ ਉੱਤੇ ਖਿੱਚੀ ਹੋਈ ਲਕੀਰ ਹਾਂ
ਸੁਣ ਲਵੋ ਅਰਦਾਸ ਅਸਾਡੀ,
ਤਰਲੇ ਕੱਢਦੇ ਮੂਹਰੇ ਬਹਿ ਕੇ
ਪੰਡਤ ਹਾਂ ਕਸ਼ਮੀਰੋਂ ਆਏ,
ਥੱਕੇ ਟੁੱਟੇ ਦੁਖੜੇ ਸਹਿ ਕੇ
ਪਾਪੀ ਪਾਪ ਕਮਾਈ ਜਾਂਦਾ,
ਨਿੱਤ ਜਨੇਊ ਲਾਹੀ ਜਾਂਦਾ,
ਜੇ ਨਹੀਂ ਮੰਨਦੇ ਕੱਟਦਾ ਵੱਢਦਾ,
ਧੱਕੇ ਨਾਲ ਮਨਾਈ ਜਾਂਦਾ
ਟਿੱਕਾ ਧੋਤੀ ਲਾਹੁਣ ਨ੍ਹੀਂ ਦਿੰਦਾ,
ਧਰਮ ਸਾਡਾ ਬਦਲਾਈ ਜਾਂਦਾ,
ਹਿੰਦੂ ਹਾਂ ਅਸੀਂ ਰੱਬ ਦੇ ਬੰਦੇ,
ਪਰ ਉਹ ਕਹਿਰ ਕਮਾਈ ਜਾਂਦਾ,
ਗਊ ਦੀ ਹੱਤਿਆ ਪਾਪ ਅਸਾਨੂੰ
ਧੱਕੇ ਨਾਲ ਖੁਆਈ ਜਾਂਦਾ,
ਨਾ ਮਰਿਆਂ ਵਿਚ ਨਾ ਜਿਉਂਦਿਆਂ ਵਿਚ, ਜੀਵਨ ਨੂੰ ਨਰਕ ਬਣਾਈ ਜਾਂਦਾ,
ਸੁਣੋ ਫਰਿਆਦ ਗੁਰੂ ਜੀ ਬੋਲੇ
ਹੱਥ ਫੜ੍ਹਨਾ ਪਊ ਜ਼ਬਰ ਦਾ
ਦੱਸੋ ਦੇਣ ਕਿਵੇਂ ਦੇ ਸਕਦਾ ਕੋਈ
ਧਰਮ ਦੀ ਚਾਦਰ ਦਾ
ਤੇਲ ਦੀ ਥਾਂ ਜੋਤਾਂ ਵਿਚ ਜਲਦਾ ਖ਼ੂਨ
ਗੁਰੂ ਤੇਗ ਬਹਾਦਰ ਦਾ
ਸੀ ਧਾੜਵੀ ਆਉਂਦੇ ਲੁੱਟ ਖ਼ਜ਼ਾਨਾ
ਤੇ ਕੁੜੀਆਂ ਲੈ ਜਾਂਦੇ,
ਸਿੰਘਾਂ ਨੂੰ ਜਦ ਖ਼ਬਰਾਂ ਮਿਲਦੀਆਂ
ਜਾ ਪਿੱਛੇ ਛੁਡਵਾਉਂਦੇ,
ਕਿੰਨੀ ਵਾਰੀ ਸਿੰਘ ਯੋਧਿਆਂ, ਭੰਨਿਆ
ਸੀ ਨੱਕ ਨਾਦਰ ਦਾ
ਅਕ੍ਰਿਤਘਣੋ ਕਰੋ ਯਾਦ ਕੇਰਾਂ,
ਅਹਿਸਾਨ ਜੋ ਧਰਮ ਦੀ ਚਾਦਰ ਦਾ,

ਖ਼ਬਰੇ ਕਿਉਂ ਬਣੇ ਹੋ ਦੁਸ਼ਮਣ,
ਤੁਸੀ ਸਿੰਘਾਂ ਸਰਦਾਰਾਂ ਦੇ,
ਸਦਾ ਧਾਰਨੀ ਵਹਿਣੀ ਵਾਲੀਏ,
ਸਿੱਖ ਉੱਚੇ ਕਿਰਦਾਰਾਂ ਦੇ,
ਜੂਨ ਸਾਨੂੰ ਚੇਤਾ ਕਰਵਾਉਂਦਾ
'ਚੁਰਾਸੀ' ਵਿੱਚ ਨਿਰਾਦਰ ਦਾ
ਅਕ੍ਰਿਤਘਣੋ ਕਰੋ ਯਾਦ ਕਦੇ
ਅਹਿਸਾਨ ਜੋ ਧਰਮ ਦੀ ਚਾਦਰ ਦਾ

**ਹਰਦਿਆਲ ਸਿੰਘ ਚੀਮਾ**
**ਸਿਆਟਲ, ਅਮਰੀਕਾ**
**+12067340794**

# .ਗਜ਼ਲ

## ਕੁਲਦੀਪ ਚਿਰਾ.ਗ



ਕਿਸੇ ਦਾ ਆਖਿਆ, ਦੱਸਿਆ,
ਅਸੀਂ ਮੰਨੀਏ ਜ਼ਰੂਰਤ ਤੱਕ
ਕਥਾ ਪਰ ਆਖਣੀ ਜੋ ਮੈਂ, ਹੈ
ਸਿਮਰਨ ਤੋਂ ਸ਼ਹਾਦਤ ਤੱਕ

ਉਨ੍ਹਾਂ ਨੇ ਸੋਚਿਆ ਸੀ ਮਹਿਜ਼ ਆਪਣੀ
ਹੀ ਹਿਫ਼ਾਜ਼ਤ ਤੱਕ
ਉਨ੍ਹਾਂ ਨੂੰ ਇਲਮ ਨਈਂ ਸੀ ਕੋਈ,
ਜਾਏਗਾ ਸ਼ਹਾਦਤ ਤੱਕ


ਜਦੋਂ ਕਸ਼ਮੀਰ 'ਤੇ ਕੀਤਾ ਜ਼ੁਲਮ
ਮੁਸਲਿਮ ਬਣਾਉਣ ਲਈ


ਉਦੋਂ 'ਨੰਦਪੁਰ ਚੋਂ ਨਿਕਲੀ ਹੂਕ,
ਪਹੁੰਚੀ ਜੋ ਸ਼ਹਾਦਤ ਤੱਕ

ਇਹ ਪਹਿਲੀ ਵਾਰ ਹੋਇਆ ਹੈ,
ਅਸਾਡੇ ਯੁੱਗ ਦੇ ਅੰਦਰ
ਕਿਸੇ ਦੇ ਧਰਮ ਦੀ ਖ਼ਾਤਰ, ਗਿਆ
ਕੋਈ ਸ਼ਹਾਦਤ ਤੱਕ

ਜੋ ਮੱਖਣ ਸ਼ਾਹ ਲੁਬਾਣੇ ਲੱਭਿਆ ਸੀ,
ਓਸਦੀ ਗਾਥਾ ਹੈ,
ਸ਼ਬਦਾਂ ਤੋਂ ਇਬਾਦਤ ਤੱਕ,
ਇਬਾਦਤ ਤੋਂ ਸ਼ਹਾਦਤ ਤੱਕ

**ਕੁਲਦੀਪ ਚਿਰਾ.ਗ**
**ਮਲੇਸ਼ੀਆ**
**60177723479**
**kuldeepchirag@gmail.com**



# ਨਜ਼ਮ

## ਅਮਨਜੀਤ ਕੌਰ ਸ਼ਰਮਾ



### ਹਿੰਦ ਦੀ ਚਾਦਰ

ਤੂੰ ਬਣਿਆ ਹਿੰਦ ਦੀ ਚਾਦਰ ਸੀ
ਅੱਜ ਓਹੀ ਚਾਦਰ ਲੀਰਾਂ ਏ
ਦਿੱਲੀ ਨੂੰ ਜਿੱਤਣ ਦੀ ਖ਼ਾਤਰ
ਲੋਕਾਂ ਲਈਆਂ ਘੱਤ ਵਹੀਰਾਂ ਨੇ।

ਓ ਰਹਿਬਰਾ ! ਆ ਜਾ ਲੋੜ ਤੇਰੀ
ਹੁੰਦੀ ਮਹਿਸੂਸ ਹੈ ਥੋੜ੍ਹ ਤੇਰੀ
ਸਾਡੀ ਬੇੜੀ ਡੁੱਬਦੀ ਜਾਂਦੀ ਏ
ਕਿਸੇ ਬੰਨੇ ਵੱਲ ਨੂੰ ਮੋੜ ਬੇੜੀ।

ਤੂੰ ਆਪਣੀ ਜਾਨ ਨੂੰ ਵਾਰ ਕੇ ਤੇ
ਸਾਡੀ ਕੌਮ ਨੂੰ ਆਣ ਬਚਾਇਆ ਸੀ
ਓ ਬਾਬਾ ਤੇਰੀ ਕੁਰਬਾਨੀ ਦਾ
ਅਸੀਂ ਰਤਾ ਮੁੱਲ ਨਾ ਪਾਇਆ ਈ

ਦੀਨ ਚ ਰਹੀਏ ਅਡੋਲ ਸਦਾ
ਤੂੰ ਤਾਂ ਸਾਨੂੰ ਸਿਖਲਾਇਆ ਸੀ
ਹੋਰਾਂ ਲਈ ਜਾਨ ਨੂੰ ਵਾਰ ਦੇਣ ਦਾ
ਵੱਖਰਾ ਰਾਹ ਦਿਖਲਾਇਆ ਸੀ।

ਜਦੋਂ ਡੁੱਲ੍ਹਦਾ ਖ਼ੂਨ ਸ਼ਹੀਦਾਂ ਦਾ
ਭਾਗ ਕੌਮ ਦੇ ਬਦਲ ਜਾਂਦੇ
ਉੱਖੜੇ ਰਾਹਾਂ ਦੇ ਪਾਂਧੀ ਵੀ
ਸਮਤਲ ਰਾਹਾਂ ਨੂੰ ਚੱਲ ਜਾਂਦੇ

ਪਰ ਅੱਜ ਤਾਂ ਤੇਰੀ ਕੌਮ ਬਾਬਾ
ਰਾਹ ਵੱਖਰੇ ਜਿਹੇ ਹੀ ਲੱਭਦੀ ਏ
ਜੇ ਲੋੜ ਪਵੇ ਕੁਰਬਾਨੀ ਦੀ
ਉਗਲ਼ ਹੋਰਨਾਂ ਵੱਲ ਨੂੰ ਕਰਦੀ ਏ

ਇਸ ਤੋਂ ਵੀ ਵੱਡਾ ਦੁੱਖ ਡਾਹਢਾ
ਇਹ ਖੇਰੂੰ ਖੇਰੂੰ ਹੋ ਫਿਰਦੇ ਨੇ
ਜਿਹੜੀ ਕੌਮ 'ਚ ਏਕਾ ਨਹੀਂ ਹੁੰਦਾ
ਉਹ ਦੁਸ਼ਮਣ ਕੋਲੋਂ ਘਿਰਦੇ ਨੇ।

ਆ ਬਾਬਾ ! ਤੱਕ ਤੂੰ ਜਿਹਨਾਂ ਲਈ
ਕੁਰਬਾਨੀ ਆਪਣੀ ਦੇ ਗਿਆ ਸੀ
ਉਹ ਕੁਰਸੀ ਪਿੱਛੇ ਲੜਦੇ ਨੇ
ਜਿਹਨਾਂ ਲਈ ਜਾਨ ਵਾਰ ਗਿਆ ਸੀ।

ਕੋਈ ਦਿਓ ਸੁਮੱਤ ਹੁਣ ਸਾਰਿਆਂ ਨੂੰ
ਬਾਬਾ ਜੀ ਸਾਨੂੰ ਬਖ਼ਸ਼ ਲਵੋ
ਕਰ ਗਲਤੀਆਂ ਮੁਆਫ਼ ਸਾਡੀਆਂ
ਸਾਨੂੰ ਆਪਣੀ ਸ਼ਰਨ ਲਵੋ।

## ਨਜ਼ਮ

## ਅਮਨਜੀਤ ਕੌਰ ਸ਼ਰਮਾ

### ਨੌਂਵੀ ਪਾਤਸ਼ਾਹੀ

ਨੌਂ ਸਾਲ ਦਾ ਨਾਨਕ
ਜਨੇਊ ਤੋਂ ਇਨਕਾਰੀ
ਕਰਤਾਰ ਦੀ ਨਵੀਂ ਸਮੀਕਰਨ
ਨੌਂ ਸਾਲ ਦਾ ਗੋਬਿੰਦ
ਜਨੇਊ ਧਾਰਕਾਂ ਦੀ ਰਖਵਾਲੀ
ਨੌਂਵਾਂ ਨਾਨਕ, ਚਾਂਦਨੀ ਚੌਕ
ਸਿਰ ਧੜ ਵੱਖ ਵੱਖ
ਜਾਬਰ ਵੱਲੋਂ ਜ਼ੁਲਮ ਦੀ ਇੰਤਹਾ
ਸਾਬਰ ਦੇ ਸਬਰ ਦੀ ਵੀ ਇੰਤਹਾ
ਸਤਾਰਾਂ ਤੇ ਉੱਨੀ ਸਾਲ ਦੇ
ਗੱਭਰੂ ਪੁੱਤ
ਚਮਕੌਰ ਸਾਹਿਬ ਦਾ ਖ਼ੂਨੀ ਯੁੱਧ
ਸੱਤ ਤੇ ਨੌਂ ਸਾਲ ਦੀਆਂ ਮਾਸੂਮ
ਜਿੰਦਾਂ
ਸਰਹਿੰਦ ਦੀ ਜਾਲਮ ਕੰਧ
ਸਰਹਿੰਦ ਦਾ ਹੀ ਉੱਚਾ ਬੁਰਜ
ਠੁਰ ਠੁਰ ਕਰਦੀ ਪਰ
ਫੌਲਾਦੀ ਇਰਾਦੇ ਨਾਲ ਲਬਾਲਬ
ਸੁੰਨੀਆਂ ਜਿਹੀਆਂ ਅੱਖਾਂ ’ਤੇ
ਕੰਬਦੇ ਹੱਥ ਧਰ
ਲਾਲਾਂ ਦਾ ਰਾਹ ਤੱਕਦੀ ਦਾਦੀ
ਇਹ ਜਿਗਰਾ ਹੈ ਮੇਰੇ ਸਾਹਿਬੇ ਕਮਾਲ
ਦਸਮੇਸ਼ ਪਿਤਾ, ਸਰਬੰਸ ਦਾਨੀ ਦਾ।
ਧੰਨ ਗੋਬਿੰਦ ਧੰਨ ਤੇਰਾ ਜਿਗਰਾ
ਧੰਨ ਤੇਰੀ ਸਿੱਖੀ
ਅਸੀਂ ਤੇਰੀਆਂ ਕੁਰਬਾਨੀਆਂ ਦਾ
ਸਿਲ਼ਾ ਤਾਂ ਕੀ ਦੇਣਾ ਸੀ
ਸਹੀ ਮੁੱਲ ਵੀ ਨੀ ਪਾ ਸਕੇ।
ਦਾਤਾ! ਓਸ ਸਮੇਂ ਨੂੰ ਯਾਦ ਕਰਦਿਆਂ
ਅੱਜ ਢਕਵੰਜ ਕਰਦੇ
ਸ਼ਹੀਦੀ ਜੋੜ ਮੇਲੇ ਮਨਾ
ਪਕੌੜਿਆਂ ਤੇ ਜਲੇਬੀਆਂ ਸਣੇ
ਲਜ਼ੀਜ਼ ਖਾਣਿਆਂ ਦੇ ਲੰਗਰ
ਲਗਾ ਤੇਰੀਆਂ ਕੁਰਬਾਨੀਆਂ ਨੂੰ
ਯਾਦ ਕਰਦੇ ਹਾਂ।
ਹੇ ਬਾਜਾਂ ਵਾਲਿਆ !
ਕਿੱਧਰ ਤੁਰ ਪਈ ਹੈ
ਤੇਰੀ ਇਹ ਮਾਣਮੱਤੀ ਕੌਮ !
ਜਿਸ ਸ਼ਬਦ ਗੁਰੂ ਦੇ ਲੜ
ਲਾ ਗਿਆ ਸੈ ਮੇਰਿਆ ਰਹਿਬਰਾ !
ਓਸ ਤੋਂ ਭਟਕ ਕੁਰਾਹੇ ਪੈ ਗਏ ਅਸੀਂ
ਤੇ ਆਹ ਸਾਧ ਲਾਣਾ,ਸਾਧ ਲਾਣਾ ਤਾਂ
ਲੋਕਾਂ ਦੀ ਮਾਸੂਮੀਅਤ ਦਾ ਫ਼ਾਇਦਾ
ਲੈ
ਵਹਿਮਾਂ ਦੇ ਛੱਪੜ ’ਚ ਧੱਕ ਰਿਹੈ।
ਕਿਹੜਾ ਕਿਹੜਾ ਗੁਨਾਹ ਗਿਣਾਂ
ਜੋ ਅਸੀਂ ਕਰ ਰਹੇ ਹਾਂ।
ਇੱਕੋ ਜੋਦੜੀ ਮੇਰੇ ਦਾਤਿਆ !
ਰਹਿਮ ਕਰ! ਮਾਲਕਾ ਰਹਿਮ ਕਰ !
ਅਸੀ ਤੇਰੀਆਂ ਕੀਤੀਆਂ,
ਕੁਰਬਾਨੀਆਂ
ਦਾ ਮੁੱਲ ਨਹੀਂ ਪਾਇਆ
ਜਿਸ ’ਤੇ ਅਸੀਂ ਸ਼ਰਮਸਾਰ ਹਾਂ
ਬਹੁਤ ਸ਼ਰਮਸਾਰ !
ਬਹੁਤ ਹੀ ਸ਼ਰਮਸਾਰ !!

**ਅਮਨਜੀਤ ਕੌਰ ਸ਼ਰਮਾ**
**ਲਾਸ ਏਂਜ਼ਲਸ, ਕੈਲੇਫੋਰਨੀਆ**
**0018182130222**

# ਨਜ਼ਮ

## ਕੁਲਵੰਤ ਕੌਰ ਚੰਨ



ਧੰਨ ਧੰਨ ਤੇਗ ਬਹਾਦਰ
ਹਿੰਦ ਦੀ ਚਾਦਰ,
ਧਰਮ ਸੀ ਬੱਚ ਗਿਆ
ਦੇ ਕੇ ਸੀਸ ਦਿੱਲੀ ਵਿਚ
ਵੇਲਾ ਢੱਕ ਲਿਆ
ਧੰਨ ਤੇਗ ਬਹਾਦਰ ਜੀ ........

ਔਰੰਗਜ਼ੇਬ ਨੇ ਹਿੰਦੂਆਂ ਉੱਤੇ
ਡਾਢੇ ਜ਼ੁਲਮ ਕਮਾਏ ਸੀ
ਤਾਂਹੀਓ ਤਾਂ ਕਸ਼ਮੀਰੀ ਪੰਡਿਤ
ਗੂਰਾਂ ਦੇ ਕੋਲ ਹੀ ਆਏ ਸੀ
ਰੋ ਰੋ ਤੇਗ ਬਹਾਦਰ ਜੀ ਨੂੰ
ਅਪਣੇ ਸਾਰੇ ਹਾਲ ਸੁਣਾਏ ਸੀ
ਦੇ ਕੁਰਬਾਨੀ ਧਰਮ ਦੀ ਖਾਤਿਰ ਔਖਾ
ਵੇਲਾ ਕੱਢ ਲਿਆ,
ਡੁੱਬਦਾ ਸੀ ਬੇੜਾ ਧਰਮ ਦਾ
ਵੇਖੋ ਬੱਚ ਗਿਆ
ਧੰਨ ਧੰਨ ਤੇਗਬਹਾਦਰ,
ਹਿੰਦ ਦੀ ਚਾਦਰ,

ਸਵਾ ਸਵਾ ਮਣ ਤੌੜ ਜਨੇਊ
ਇਕ ਵਕਤ ਦਾ ਖਾਣਾ ਖਾਂਦਾ ਸੀ,
ਇੰਨੇ ਹਿੰਦੂਆਂ ਉੱਤੇ ਜ਼ਾਲਮ,
ਧਰਮ ਦੇ ਬਾਣ ਚਲਾਉਂਦਾ ਸੀ,
ਕੁਲਵੰਤ ਦੀ ਕਲਮ ਵੀ ਰੋ ਰੋ
ਹਾਲ ਸੁਣਾਏ ਨੇ
ਬਾਲਾ ਪ੍ਰੀਤਮ ਗੋਬਿੰਦ ਰਾਏ,
ਦੁਨੀਆ ਦੇ ਦੁੱਖ ਮਿਟਾਏ ਨੇ
ਡੁੱਬਦਾ ਸੀ ਬੇੜਾ ਧਰਮ ਦਾ
ਵੇਖੋ ਬੱਚ ਗਿਆ
ਦੇ ਕੇ ਸੀਸ ਦਿੱਲੀ ਵਿਚ
ਵੇਲਾ ਢੱਕ ਲਿਆ

ਧੰਨ ਧੰਨ ਤੇਗ ਬਹਾਦਰ ਹਿੰਦ ਦੀ
ਚਾਦਰ,
ਧਰਮ ਸੀ ਬੱਚ ਗਿਆ,
ਦੇ ਕੇ ਸੀਸ ਦਿੱਲੀ ਵਿਚ ਵੇਲਾ ਢੱਕ
ਲਿਆ,
ਡੁੱਬਦਾ ਸੀ ਬੇੜਾ ਧਰਮ ਦਾ ਵੇਖੋ
ਬੱਚ ਗਿਆ

**ਕੁਲਵੰਤ ਕੌਰ ਚੰਨ**
**ਫਰਾਂਸ**
**7006001635**

# ਨਜ਼ਮ

## ਸੋਨੀਆ ਪਾਲ



## ਮੈਨੂੰ ਤੁਧ ਸਾਓ ਮਿਲਨ ਕਾ ਚਾਓ

ਮੇਰੇ ਸਤਿਗੁਰ ਜੀ :


ਮੈਨੂੰ ਤੁਧ ਸਾਓ ਮਿਲਨ ਕਾ ਚਾਓ
ਆ ਮੇਰੇ ਨੈਣੀਂ ਸਮਾ ਜਾਓ
ਮੈਨੂੰ ਇੱਕੋ-ਈ ਝਲਕ ਦਿਖਾ ਜਾਓ
ਮੇਰੀ ਜ਼ਿੰਦੜੀ ਲੱਗੀ ਦਾਓ
ਹਾਂ ! ਮੈਨੂੰ ਤੁਧ ਸਾਓ
ਮਿਲਨ ਕਾ ਚਾਓ

ਇੱਕ ਮਿਹਰ ਬੱਸ ਇਹ ਕਰ ਜਾਓ
ਤੁਸੀਂ ਚੌਰਾਸੀ ਮੇਰੀ ਕੱਟ ਜਾਓ
ਜੋਤ ਨੂੰ ਜੋਤ ਤਾਂਈ ਆਣ ਮਿਲਾਓ
ਮੇਰਾ ਜਨਮ-ਮਰਨ ਕੱਟ ਜਾਓ
ਮੈਨੂੰ ਤੁਧ ਸਾਓ ਮਿਲਨ ਕਾ ਚਾਓ

ਥੱਕ ਚੁੱਕੇ ਮੇਰੇ ਨੈਣਾਂ ਤਾਂਈ
ਹੰਝੂਆਂ 'ਚ ਰਹਿੰਦੇ ਮੇਰੇ ਨੈਣਾਂ ਤਾਂਈ
ਸੁੱਕ ਚੁੱਕੇ ਇਹਨਾਂ ਵਹਿਣਾਂ ਤਾਂਈਂ
ਖੁਸ਼ੀਆਂ ਦੀ ਝੜੀ ਲਵਾਓ
ਮਿਹਰ ਦੇ ਫੁੱਲ ਬਰਸਾਓ
ਮੈਨੂੰ ਤੁਧ ਸਾਓ ਮਿਲਨ ਕਾ ਚਾਓ


ਅਸਮਾਨੀ ਵੇਖਾਂ, ਜ਼ਮੀਨ 'ਤੇ ਵੇਖਾਂ
ਫੁੱਲਾਂ, ਬੂਟਿਆਂ,
ਤਾਰਿਆਂ ਤਾਂਈਂ ਵੇਖਾਂ
ਤੁਰਦੀ-ਫਿਰਦੀ ਹਰ ਰੂਹ 'ਚ ਵੇਖਾਂ
ਤੁਸੀਂ ਕਿਸੇ ਵੀ ਰਾਹੇ ਆਓ
ਮੈਨੂੰ ਤੁਧ ਸਾਓ ਮਿਲਨ ਕਾ ਚਾਓ
ਹਾਂ ! ਮੈਨੂੰ ਤੁਧ ਸਾਓ ਮਿਲਨ ਕਾ
ਚਾਓ

ਸੋਨੀਆ ਪਾਲ
ਵੁਲਵਰਹੈਂਪਟਨ, ਇੰਗਲੈਂਡ
+447551379491



# ਨਜ਼ਮ

## ਨਿਰੰਜਨ ਸਿੰਘ ਨੂਰ



ਨਿਰੰਜਨ ਸਿੰਘ ਨੂਰ ਬਰਤਾਨੀਆ ਵੱਸਦੇ ਪਰਵਾਸੀ ਪੰਜਾਬੀ ਸਾਹਿਤ ਦੇ ਉੱਘੇ ਸ਼ਾਇਰ ਸਨ। ਉਹਨਾਂ ਦਾ ਜਨਮ 06 ਜਨਵਰੀ 1933 ਨੂੰ ਅਤੇ 03 ਜੂਨ 1999 ਨੂੰ ਉਹ ਸਦੀਵੀ ਵਿਛੋੜਾ ਦੇ ਗਏ। ਉਹਨਾਂ ਨੇ 6 ਕਾਵਿ-ਸੰਗ੍ਰਹਿ ਜਿਨ੍ਹਾਂ ਵਿਚ ਮਹਾਂਕਾਵਿ ਅਤੇ ਗ਼ਜ਼ਲ ਸੰਗ੍ਰਹਿ ਵੀ ਸ਼ਾਮਿਲ ਹਨ ਪੰਜਾਬੀ ਸਾਹਿਤ ਦੀ ਝੋਲੀ ਪਾਏ। ਉਹਨਾਂ ਦਾ ਸਾਹਿਤਕ ਸਫ਼ਰ 5 ਦਹਾਕਿਆਂ ਤੱਕ ਨਿਰੰਤਰ ਜਾਰੀ ਰਿਹਾ

### ਗੁਰੂ ਤੇਗ਼ ਬਹਾਦਰ

ਫਿਰ ਚਾਂਦਨੀ ਚੌਂਕ ਦੇ ਆਕਾਸ਼ 'ਤੇ
ਮੱਸਿਆ ਦੀ ਕਾਲੀ-ਬੋਲੀ ਰਾਤ ਨੇ
ਚੰਨ ਚਾੜ੍ਹਿਆ ।
ਫਿਰ ਜਬਰ ਨੇ ਸਬਰ ਦਾ ਵਿੱਤ
ਹਾੜ੍ਹਿਆ
ਤੇ ਸਬਰ ਦੇ ਸ਼ਹਿਨਸ਼ਾਹ ਨੇ
ਆਖਿਆ,
ਜਿਵੇਂ ਕਾਫ਼ਿਰ ਨੂੰ ਖ਼ੁਦਾ ਨੇ ਆਖਿਆ:

'ਮੇਰੇ ਕਾਤਿਲਾ ! ਤੇਰੀ ਤਲਵਾਰ ਚੁੰਮ
ਲਾਂ
ਜਿਸ ਵਿੱਚ ਜ਼ਿੰਦਗਾਨੀ ਮੇਰੀ ਕੌਮ ਦੀ
ਹੈ ।
ਮੈਨੂੰ ਅੱਜ ਤੂੰ ਸੁਰਖ਼ਰੂ ਕਰਨ ਲੱਗੈਂ

ਮੇਰੀ ਲੋਅ, ਜੁਆਨੀ ਮੇਰੀ ਕੌਮ ਦੀ
ਹੈ ।
ਫੜ ਕੇ ਲੂੰ ਲੂੰ ਮੇਰਾ ਹਲਾਲ ਕਰ ਦੇ,
ਤੇਰੇ ਜਬਰ ਵਿੱਚ ਕੋਈ ਵੀ ਥੋੜ ਨਾ
ਰਹੇ ।
ਮੇਰੀ ਸਿੱਕ ਹੈ ਮੈਂ ਏਨਾ ਤੜਪ
ਜਾਵਾਂ,
ਅੱਗੋਂ ਕਿਸੇ ਨੂੰ ਤੜਪਣ ਦੀ ਲੋੜ ਨਾ
ਰਹੇ ।
ਮੇਰੀ ਕੌਮ ਹੈ ਸਾਰੀ ਮਨੁੱਖ ਜਾਤੀ
ਜੀਹਦੇ ਵਾਸਤੇ ਸੀਸ ਤੇ ਸਾਹ ਮੇਰੇ ।
ਸਾਂਝੀਵਾਲਤਾ ਦਾ ਰੱਬ ਜਾਣਦਾ ਹੈ
ਪਾਕ ਪੁੰਨ ਤੇ ਘੋਰ ਗੁਨਾਹ ਮੇਰੇ ।
ਅੱਜ ਤੋਂ ਏਸ ਕ੍ਰਿਸ਼ਮੇ ਦੀ ਲੋਅ
ਅੰਦਰ
ਭਾਣਾ ਮੰਨਦਾ ਜੋ ਗੁਨਾਹਗਾਰ ਹੋਸੀ ।
ਜਬਰ ਜ਼ੇਰ ਹੋਸੀ, ਜ਼ਬਰ ਤੀਰ ਹੋਸੀ,
ਸਬਰ-ਸ਼ੁਕਰ ਦੇ ਹੱਥ ਤਲਵਾਰ ਹੋਸੀ

**ਨਿਰੰਜਨ ਸਿੰਘ ਨੂਰ**
**ਬਰਤਾਨੀਆ**

੧ੴ ਸਤਿਗੁਰ ਪ੍ਰਸਾਦਿ॥

॥ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥ ਸਭ ਥਾਈਂ ਹੋਇ ਸਹਾਇ ॥1॥

# ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ

## ਲੁਧਿਆਣਾ

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਉਤਸਵ ਨੂੰ
ਸਮਰਪਿਤ ਪ੍ਰੋਗਰਾਮਾਂ ਦੀ ਲੜੀ ਦੇ ਤਹਿਤ

# ਕਵੀ ਦਰਬਾਰ (ਆਨਲਾਈਨ)

## 05 ਸਤੰਬਰ, 2020 ਸ਼ਨੀਵਾਰ

**ਸਮਾਂ: 05:00 ਵਜੇ ਸ਼ਾਮ (IST)**



**ਉਦਘਾਟਨੀ ਭਾਸ਼ਣ**
**ਪ੍ਰੋ. ਗੁਰਭਜਨ ਸਿੰਘ ਗਿੱਲ**
ਸਾਬਕਾ ਪ੍ਰਧਾਨ, ਪੰਜਾਬੀ ਸਾਹਿਤ ਅਕਾਡਮੀ
ਲੁਧਿਆਣਾ



**ਪ੍ਰਧਾਨਗੀ**
**ਡਾ. ਅਮਰਜੀਤ ਸਿੰਘ ਦੂਆ**
ਡਾਇਰੈਕਟਰ, ਗੁਰੂ ਤੇਗ ਬਹਾਦਰ ਨਰਸਿੰਗ ਇੰਸਟੀਚਿਊਟ
ਲੁਧਿਆਣਾ



**ਵਕਤਾ**
**ਡਾ. ਇੰਦਰਜੀਤ ਸਿੰਘ ਵਾਸੂ**
ਉੱਘੇ ਸਿੱਖ ਚਿੰਤਕ

## ਕਵੀ



ਅਮਰਜੀਤ ਸਿੰਘ ਅਮਰ
ਦਿੱਲੀ



ਤ੍ਰੈਲੋਚਨ ਲੋਚੀ
ਲੁਧਿਆਣਾ



ਸੁਖਵਿੰਦਰ ਸਿੰਘ ਰਟੌਲ
ਪਟਿਆਲਾ



ਅਮਨਦੀਪ ਟਲੇਵਾਲੀਆ
ਬਰਨਾਲਾ



ਹਰਬੰਸ ਮਾਲਵਾ
ਲੁਧਿਆਣਾ



ਅਜ਼ਮਲ ਖ਼ਾਨ ਸ਼ੇਰਵਾਨੀ
ਮਲੇਰਕੋਟਲਾ



ਪਰਮਜੀਤ ਕੌਰ ਮਹਿਕ
ਲੁਧਿਆਣਾ



ਪਾਲੀ ਦੇਤਵਾਲੀਆ
ਲੁਧਿਆਣਾ



ਚਰਨਜੀਤ ਸਿੰਘ ਪੰਨੂ
ਅਮਰੀਕਾ



ਪਰਮਜੀਤ ਦਿਓਲ
ਕੈਨੇਡਾ



ਸੁਰਜੀਤ ਕੌਰ ਸੈਕਰਾਮੈਂਟੋ
ਅਮਰੀਕਾ



ਗੁਰਦੀਸ਼ ਕੌਰ ਗਰੇਵਾਲ
ਕੈਨੇਡਾ



ਨਕਸ਼ਦੀਪ ਪੰਜਕੋਹਾ
ਅਮਰੀਕਾ



ਮਨਜੀਤ ਕੌਰ ਸੇਖੋਂ
ਅਮਰੀਕਾ

# ਸੀਸ ਦੀਆ ਪਰ ਸਿਰਰੁ ਨ ਦੀਆ
# ਸ਼ਹਾਦਤ ਗੁਰੂ ਤੇਗ਼ ਬਹਾਦਰ ਸਾਹਿਬ

**ਮਨਜੀਤ ਕੌਰ ਸੇਖੋਂ**



ਮਨਜੀਤ ਕੌਰ ਸੇਖੋਂ ਸੈਕਰਾਮੈਂਟੋ ਵੱਸਦੀ ਪ੍ਰਸਿੱਧ ਲੇਖਿਕਾ ਹੈ। ਆਪ ਜੀ ਦੇ ਤਿੰਨ ਕਹਾਣੀ ਸੰਗ੍ਰਹਿ ਅਤੇ ਦੋ ਮਿੰਨੀ ਨਾਵਲ ਆ ਚੁੱਕੇ ਹਨ। ਸੱਭਿਆਚਾਰ ਅਤੇ ਲੋਕਧਾਰਾ ਨਾਲ ਸੰਬਧਿਤ ਦੋ ਪੁਸਤਕਾਂ ਛਪਾਈ ਅਧੀਨ ਹਨ। ਮਾਨਵੀ-ਰਿਸ਼ਤਿਆਂ ਪ੍ਰਤੀ ਗੰਭੀਰ ਸੰਵੇਦਨਸ਼ੀਲਤਾ ਆਪ ਜੀ ਦੀਆਂ ਰਚਨਾਵਾਂ ਵਿੱਚੋਂ ਝਲਕਦੀ ਹੈ

ਅੱਜ ਅਸੀਂ ਤਿਲਕ ਜੰਞੂ ਦੇ ਰਾਖੇ, ਗੁਰੂ ਨਾਨਕ ਸਾਹਿਬ ਦੀ ਨੌਵੀਂ ਜੋਤ, ਸ਼੍ਰਿਸਟ ਦੀ ਚਾਦਰ, ਭੈ ਕਾਹੂੰ ਕੋ ਦੇਤ ਨਾਂਹਿ ਦੇ ਭੈ ਮੁਕਤ ਸ਼ਾਹਕਾਰ, ਗਿਆਨ ਤੋਂ ਕਰਮ ਮਾਰਗ ਦੇ ਪਾਂਧੀ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਅੱਗੇ ਨਤਮਸਤਕ ਹੋ ਰਹੇ ਹਾਂ। ਇਹ ਇੱਕ ਇਤਿਹਾਸਕ ਸੱਚ ਹੈ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਪਿੱਛੋਂ ਪੰਜਾਬ ਵਿੱਚ ਮੌਤ ਨੂੰ ਮਖੌਲਾਂ ਕਰਨ ਵਾਲਿਆਂ ਦਾ ਸ਼ਾਨਦਾਰ ਇਤਿਹਾਸ ਸਿਰਜਿਆ ਗਿਆ।

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦਾ ਮੁੱਖ ਕਾਰਣ ਔਰੰਗਜ਼ੇਬ ਦੀ ਤੁਅੱਸਬੀ ਨੀਤੀ ਸੀ। ਇਸ ਨੀਤੀ ਦਾ ਨਿਸ਼ਾਨਾ ਸਭ ਤੋਂ ਪਹਿਲਾਂ ਕਸ਼ਮੀਰ ਨੂੰ ਬਣਾਇਆ ਗਿਆ। ਇਸ ਬਾਰੇ ਮੈਕਿਲਫ਼ ਲਿਖਦਾ ਹੈ, "ਕਸ਼ਮੀਰੀ ਪੰਡਿਤ ਵਿਦਵਾਨ ਤੇ ਪ੍ਰਸਿੱਧ ਸਨ। ਔਰੰਗਜ਼ੇਬ ਦੀ ਸੋਚ ਸੀ ਕਿ ਜੇ ਕਸ਼ਮੀਰੀ ਪੰਡਿਤ ਮੁਸਲਮਾਨ ਬਣ ਜਾਣ ਤਾਂ ਬਾਕੀ ਅਨਪੜ੍ਹ, ਮੂੜ੍ਹ ਜਨਤਾ ਨੂੰ ਇਸਲਾਮ ਵਿੱਚ ਲਿਆਉਣਾ ਸੌਖਾ ਹੋ ਜਾਵੇਗਾ।

ਪਰ ਸੁਆਲ ਉੱਠਦਾ ਹੈ— ਦਿੱਲੀ, ਇਲਾਹਾਬਾਦ, ਮਥੁਰਾ ਵਿੱਚ ਵੀ ਵਿਦਵਾਨ ਹਿੰਦੂਆਂ ਦੀ ਭਰਮਾਰ ਸੀ, ਕੀ ਜ਼ਰੂਰੀ ਸੀ ਕਿ ਕੋਲ ਵਾਲੇ ਹਿੰਦੂਆਂ ਨੂੰ ਛੱਡ ਕੇ ਛੇ ਸੌ ਕਿਲੋਮੀਟਰ 'ਤੇ ਕਸ਼ਮੀਰ ਵੱਲ ਜਾ ਕੇ ਹਿੰਦੂਆਂ ਦਾ ਧਰਮ ਪਰਿਵਰਤਨ ਦਾ ਕੰਮ ਸ਼ੁਰੂ ਕੀਤਾ ਜਾਵੇ। ਇੱਕ ਦਲੀਲ ਇਹ ਵੀ ਸੀ ਕਿ ਕਸ਼ਮੀਰ 'ਚ ਹਿੰਦੂਆਂ ਦਾ ਅਸਥਾਨ ਹੈ, ਅਮਰਨਾਥ, ਜੋ ਉਹੀ ਮਹੱਤਤਾ ਰੱਖਦਾ ਹੈ, ਜੋ ਸਾਡੇ ਲਈ ਅਕਾਲ ਤਖ਼ਤ ਸਾਹਿਬ। ਉੱਥੋਂ ਦਾ ਮੁਖੀ ਕੋਈ ਵੀ ਹੋਵੇ, ਜੋ ਵੀ ਹੁਕਮ ਕਰੇ, ਸੰਸਾਰ ਦਾ ਹਰ ਹਿੰਦੂ ਉਸ ਹੁਕਮ ਨੂੰ ਮੰਨੇਗਾ। ਔਰੰਗਜ਼ੇਬ ਨੇ ਹਿੰਦੂਆਂ ਨੂੰ ਮੁਸਲਮਾਨਾਂ ਵਿੱਚ ਤਬਦੀਲ

ਨਹੀਂ ਸੀ ਕਰਨਾ, ਬਲਕਿ ਹਿੰਦੂ ਬਣਨੇ ਬੰਦ ਕਰਨੇ ਸਨ। ਇਹੀ ਕੁੱਝ ਸਾਡੇ ਨਾਲ 1984 ਵਿੱਚ ਹੋਇਆ, 'ਤਾਂ ਹੀ ਅਕਾਲ ਤਖ਼ਤ ਸਾਹਿਬ ਨੂੰ ਟੀਚਾ ਬਣਾਇਆ ਗਿਆ। ਨਹੀਂ ਤੇ ਕੁੱਝ ਦਿਨ ਪਹਿਲਾਂ ਸੰਤ ਜਰਨੈਲ ਸਿੰਘ ਦਿੱਲੀ ਵਿੱਚ ਸਨ ਤੇ ਦਿੱਲੀ ਵਿੱਚ ਗੁਰਦੁਆਰੇ ਵੀ ਇਤਿਹਾਸਕ ਬਥੇਰੇ ਸਨ, ਪਰ ਸਿੱਖ ਜੰਮਦੇ ਅਕਾਲ ਤਖ਼ਤ ਤੋਂ ਨੇ।

ਬਲ ਛੁਟਕਿਉ ਬੰਧਨਿ ਪਰੈ, ਕਛੂ ਨ ਹੋਤ ਉਪਾਇ॥
ਕਹੁ ਨਾਨਕ ਅਬ ਓਟ ਹਰਿ ਗਜਿ ਜਿਉ ਹੋਹੁ ਸਹਾਇ॥੫੩॥

ਆਪਾਂ ਗੁਰੂ ਸਾਹਿਬ ਦਾ ਸ਼ਹੀਦੀ ਦਾ ਇਤਿਹਾਸ ਜਾਨਣ ਤੋਂ ਪਹਿਲਾਂ ਸੰਖੇਪ ਵਿੱਚ ਉਹਨਾਂ ਦੇ ਪ੍ਰਕਾਸ਼ ਪੁਰਬ ਬਾਰੇ ਵੀ ਜਾਣ ਲਈਏ। ਆਪ ਜੀ ਦਾ ਪ੍ਰਕਾਸ਼ 1 ਅਪ੍ਰੈਲ 1621 ਨੂੰ ਅੰਮ੍ਰਿਤਸਰ ਵਿਖੇ ਗੁਰੂ ਹਰਿਗੋਬਿੰਦ ਸਾਹਿਬ ਤੇ ਮਾਤਾ ਨਾਨਕੀ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਨੇ ਗੁਰਮਤਿ ਵਿੱਦਿਆ ਦੇ ਨਾਲ-ਨਾਲ ਸ਼ਾਸਤਰ ਵਿੱਦਿਆ ਤੇ ਘੋੜ ਸਵਾਰੀ ਦੀ ਸਿਖਲਾਈ ਵੀ ਲਈ। ਆਪ ਜੀ ਦਾ ਵਿਆਹ ਸੰਨ 1634 ਵਿੱਚ ਸ੍ਰੀ ਲਾਲ ਚੰਦ ਦੀ ਸਪੁੱਤਰੀ ਗੁਜ਼ਰੀ ਜੀ ਨਾਲ ਕਰਤਾਰ ਵਿਖੇ ਹੋਇਆ।

ਇਤਿਹਾਸਕ ਸਰੋਤਾਂ ਅਨੁਸਾਰ ਗੁਰੂ ਸਾਹਿਬ ਦਾ ਬਚਪਨ ਦਾ ਨਾਮ ਤਿਆਗ ਮੱਲ ਸੀ। ਉਹ ਆਪਣੇ ਮਾਤਾ-ਪਿਤਾ ਦੇ ਸਭ ਤੋਂ ਛੋਟੇ ਸਪੁੱਤਰ ਸਨ ਤੇ ਪਿਤਾ ਦੇ ਬਹੁਤੇ ਲਾਡਲੇ ਸਨ। ਮਾਤਾ ਨਾਨਕੀ ਜੀ ਸੁਆਲ ਕਰਦੇ ਨੇ ਕਿ ਸਭ ਤੋਂ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਆਪਣੀ ਸਾਰੀ ਜ਼ਿੰਮੇਵਾਰੀ ਵਧੀਆ ਨਿਭਾ ਰਹੇ ਹਨ। ਅਣੀਮੱਲ ਜੀ ਵੀ ਪੂਰੇ ਆਗਿਆਕਾਰ ਹਨ ਤੇ ਸੂਰਜ ਮੱਲ ਵੀ ਵੀ ਸਮਾਜ ਵਿੱਚ ਸੇਵਾ ਨਿਭਾ ਰਹੇ ਹਨ ਫੇਰ ਤਿਆਗ ਮੱਲ ਹੀ ਕਿਉਂ ਤੁਹਾਨੂੰ ਸਭ ਤੋਂ ਵੱਧ ਪਿਆਰੇ ਹਨ ?

ਜੈਸੇ ਏਕ ਜਨਨੀ ਕੇ ਹੋਤ ਹੈ ਅਨੇਕ ਸੁਤ, ਸਭ ਹੂੰ ਤੇ ਪਿਆਰੋ ਸੁਤ ਗੋਦ ਕਾ।

ਇਹ ਸਭ ਤੋਂ ਛੋਟਾ ਹੋਣ ਕਰਕੇ ਜ਼ਿਆਦਾ ਪਿਆਰ ਲੈਂਦੇ ਨੇ।

ਅਜਰ ਜ਼ਰ ਉਰ ਧੀਰ ਅੰਦਰ, ਇਸਕੇ ਗ੍ਰਹਿ ਸੁਤ ਹੋਏ ਬਲਵੰਡ ॥ ਤੇਜ, ਪ੍ਰਚੰਡ, ਤੁਰੰਤ, ਜਮਡੰਡ॥

ਉਨ੍ਹਾਂ ਆਖਿਆ ਕਿ ਤਿਆਗ ਮੱਲ ਅੰਦਰ ਬੇਥਾਹ ਧੀਰਜ ਹੈ, ਇਹ ਅਜਰ ਨੂੰ ਜਰਨ ਵਾਲਾ ਹੈ। ਇਸ ਦੇ ਘਰ ਅਜਿਹਾ ਸੂਰਬੀਰ ਪੁੱਤਰ ਹੋਵੇਗਾ, ਜੋ ਬਹੁਤ ਤੇਜਸਵੀ, ਜਮਾਂ ਨੂੰ ਡੰਡ ਦੇਣ ਵਾਲਾ ਹੋਵੇਗਾ। ਇਹ ਮੈਨੂੰ ਤਾਂ ਪਿਆਰਾ ਹੈ।

ਸਿਰਫ਼ ਚਾਰ ਕੁ ਸਾਲ ਦੀ ਆਯੂ ਸੀ, ਜਦੋਂ ਬਾਬਾ ਗੁਰਦਿੱਤਾ ਜੀ ਦੇ ਵਿਆਹ ਦੀ ਬਾਰਾਤ ਚੜ੍ਹਨ ਵੇਲੇ ਮਾਤਾ ਨਾਨਕੀ ਜੀ ਨੇ ਬਾਲ ਤਿਆਗ ਮੱਲ ਨੂੰ ਸੁੰਦਰ ਵਸਤਰ ਪਹਿਨਾ ਕੇ ਤਿਆਰ ਕੀਤਾ, ਹੱਥਾਂ 'ਚ ਦੋ ਸੋਨੇ ਦੇ ਕੰਗਣ ਤੇ ਗਲ 'ਚ ਕੈਂਠਾ ਵੀ

ਪਾਇਆ। ਬਾਹਰ ਖੇਡਣ ਚਲੇ ਗਏ, ਇੱਕ ਬੱਚੇ ਨੂੰ ਪੁੱਛਿਆ, "ਤੂੰ ਕਿਉਂ ਰੋ ਰਿਹਾ ਏਂ?" ਉਸ ਨੇ ਕਿਹਾ ਮੈਂ ਵੀ ਬਾਰਾਤ ਦੇਖਣਾ ਚਾਹੁੰਦਾ ਹਾਂ, ਪਰ ਮੈਨੂੰ ਪਿੱਛੇ ਕਰ ਦਿੱਤਾ, ਕਿਉਂਕਿ ਮੇਰੇ ਕੋਲ ਵਸਤਰ ਨਹੀਂ। ਸਾਰੇ ਕੱਪੜੇ ਤੇ ਗਹਿਣੇ ਉਸ ਨੂੰ ਦੇ ਕੇ ਬਾਲ ਗੁਰੂ ਜੀ ਨੰਗੇ ਪਿੰਡੇ ਘਰ ਨੂੰ ਆ ਗਏ। ਮਾਤਾ ਜੀ ਨੇ ਗੁਰੂ ਹਰਿਗੋਬਿੰਦ ਜੀ ਨਾਲ ਗਿਲਾ ਕੀਤਾ, ਕਿ ਇੰਨੇ ਕੀਮਤੀ ਵਸਤਰ ਤੇ ਗਹਿਣੇ ਪਾ ਕੇ ਵਿਆਹ ਜਾਣ ਲਈ ਤਿਆਰ ਕੀਤਾ ਸੀ, ਤੁਹਾਡਾ ਲਾਡਲਾ ਪੁੱਤਰ ਸਭ ਕੁੱਝ ਕਿਸੇ ਨੂੰ ਦੇ ਕੇ ਨੰਗੇ ਪਿੰਡੇ ਘਰ ਆ ਗਿਆ।

ਛੇਵੇਂ ਪਾਤਸ਼ਾਹ ਨੇ ਉਤਰ ਦਿੱਤਾ, "ਜੇ ਅੱਜ ਮੇਰਾ ਲਾਡਲਾ ਪੁੱਤਰ ਕਿਸੇ ਬੇਲਿਬਾਸ ਨੂੰ ਕੱਜਣ ਵਾਸਤੇ ਆਪਣੇ ਲਿਬਾਸ ਦੇ ਆਇਆ ਹੈ ਤਾਂ ਮੈਨੂੰ ਵਿਸ਼ਵਾਸ ਹੈ ਕਿ ਕੱਲ ਨੂੰ ਕਿਸੇ ਦੇ ਲਿਬਾਸ ਤੇ ਵਿਸ਼ਵਾਸ ਵਾਸਤੇ ਆਪਣੇ ਸਵਾਸ ਵੀ ਦੇ ਕੇ ਆਵੇਗਾ।" ਇਹ ਉਨ੍ਹਾਂ ਦੇ ਸ਼ਹੀਦੀ ਦੇ ਮਾਰਗ ਦੀ ਆਰੰਭਤਾ ਸੀ।

14 ਸਾਲ ਦੀ ਆਯੂ ਵਿੱਚ ਆਨੰਦ ਕਾਰਜ ਦੀ ਰਸਮ, ਬੇਬੇ ਬਿਸ਼ਨ ਕੌਰ ਦੀ ਕੁੱਖ 'ਚੋਂ ਜਨਮੀ ਬੀਬੀ ਗੁਜਰੀ ਜੀ ਨਾਲ ਹੁੰਦੀ ਹੈ। ਧੀ ਦੇ ਪਿਤਾ ਹੋਣ ਦੇ ਨਾਤੇ ਲਾਲ ਚੰਦ ਜੀ ਨੇ ਕੁੜਮ ਵਜੋਂ ਛੇਵੇਂ ਪਤਾਸ਼ਾਹ ਜੀ ਦੇ ਚਰਨ ਛੂਹਣ ਦੀ ਕੋਸ਼ਿਸ਼ ਕੀਤੀ। ਗੁਰੂ ਸਾਹਿਬ ਨੇ ਝੁਕਦਿਆਂ ਨੂੰ ਗਲ ਨਾਲ ਲਾ ਲਿਆ ਤੇ ਕਿਹਾ, "ਧੀਆਂ ਦੇ ਪਿਤਾ ਝੁਕਦੇ ਨ੍ਹੀ ਹੁੰਦੇ, ਉਹ ਸਭ ਤੋਂ ਵੱਡੇ ਦਾਨੀ ਹੁੰਦੀ ਨੇ। "

ਅਜੇ ਆਨੰਦ ਕਾਰਜ ਹੋਇਆਂ ਕੁੱਝ ਹੀ ਮਹੀਨੇ ਹੋਏ ਸੀ, ਕਰਤਾਰਪੁਰ ਵਿਖੇ ਪੈਂਦੇ ਖ਼ਾਂ ਤੇ ਕਾਲੇ ਖ਼ਾਂ ਨੇ ਹਮਲਾ ਕਰ ਦਿੱਤਾ। ਗੁਰੂ ਹਰਿਗੋਬਿੰਦ ਸਾਹਿਬ ਦੇ ਆਦੇਸ਼ ਅਨੁਸਾਰ ਤਿਆਗ ਮੱਲ ਜੀ ਵੀਰਤਾ ਦੇ ਜੌਹਰ ਦਿਖਾ ਰਹੇ ਨੇ। ਨਾਨਕੀ ਜੀ ਤੇ ਮਾਤਾ ਗੁਜਰੀ ਜੀ ਜੰਗ ਦਾ ਇਹ ਮੰਜ਼ਰ ਤੱਕ ਰਹੇ ਨੇ। ਕਰਤਾਰਪੁਰ ਦੇ ਬਜ਼ਾਰਾਂ ਵਿੱਚ ਜੰਗ ਸ਼ਿਖ਼ਰ 'ਤੇ ਹੈ। ਮਾਤਾ ਜੀ ਨੇ ਵਾਪਸ ਆਉਣ ਦਾ ਸੁਨੇਹਾ ਭੇਜ ਦਿੱਤਾ ਹੈ, ਪਰ ਆਪ ਜੀ ਨੇ ਮਨ੍ਹਾ ਕਰ ਦਿੱਤਾ ਤੇ ਕਿਹਾ, "ਸੂਰਮਾ ਮੈਦਾਨ-ਏ-ਜੰਗ 'ਚੋਂ, ਦੋ ਹਾਲਤਾਂ 'ਚ ਰੁਖ਼ਸਤ ਹੁੰਦਾ ਹੈ— ਇੱਕ ਤਾਂ ਜੇ ਜੰਗ ਖ਼ਤਮ ਹੋ ਜਾਵੇ ਤੇ ਜੇਤੂ ਬਣਕੇ ਆਵੇ, ਨਹੀਂ ਤਾਂ ਜੰਗ 'ਚ ਸ਼ਹਾਦਤ ਪਾਉਣਾ ਹੀ ਸੂਰਮੇ ਦਾ ਧਰਮ ਹੈ। ਪੈਂਦੇ ਖ਼ਾਂ ਮਾਰਿਆ ਜਾ ਚੁੱਕਾ ਹੈ। ਹੁਣ ਕਾਲੇ ਖ਼ਾਂ ਅੱਗੇ ਆਇਆ। ਕਹਿੰਦੇ, "ਕਾਲੇ ਖ਼ਾਂ, ਪਹਿਲਾਂ ਵਾਰ ਤੂੰ ਕਰ ਲੈ।" ਕਹਿੰਦੇ ਨੇ ਕਾਲੇ ਖ਼ਾਂ ਘੋੜੇ 'ਤੇ ਖੜ੍ਹਾ ਵੀ ਕੰਬ ਰਿਹਾ ਸੀ। ਵਾਰ ਕੀਤਾ, ਪਰ ਖਾਲੀ ਗਿਆ। ਫਿਰ ਕਿਹਾ, "ਕਾਲੇ ਖਾਂ ਇੱਕ ਮੌਕਾ ਹੋਰ ਲੈ ਲੈ, ਵਾਰ ਤੂੰ ਕਰ।" ਸਿਪਾਹੀ ਵੀ ਹੈਰਾਨ ਨੇ ਕਿ ਕੀ ਕੌਤਕ ਵਰਤ ਰਿਹਾ। ਹੱਥ ਆਇਆ ਮੌਕਾ ਕਿਉਂ ਦੁਸ਼ਮਣ ਨੂੰ ਦਿੱਤਾ ਜਾ ਰਿਹਾ। ਪਰ ਫੇਰ ਕਿਹਾ, "ਕਾਲੇ ਖ਼ਾਂ, ਅੱਜ ਤੈਨੂੰ ਤੀਸਰਾ ਮੌਕਾ ਵੀ

ਦਿੱਤਾ, ਇੱਕ ਵਾਰ ਹੋਰ ਕੋਸ਼ਿਸ਼ ਕਰ ਵੇਖ। ਇਸ ਵਾਰੀ ਦੀ ਅਸਫ਼ਲਤਾ ਦੇਖਕੇ ਕਿਹਾ, "ਜਤਨ ਕੀ ਨੇਸਤ ਪਲੋ ਜਤਨ ਈ ਅਸਤ— ਪੁੱਤਰ ਵਾਰ ਇੰਜ ਨਹੀਂ, ਇੰਜ ਕਰੀਦੈ। ਤੇ ਇੱਕ ਪਲ ਵਿੱਚ ਕਾਲੇ ਖ਼ਾਂ ਦਾ ਸਿਰ ਧੜ ਤੋਂ ਅਲੱਗ ਹੋ ਗਿਆ। ਜਾਪਦਾ ਸੀ ਜਿਵੇਂ ਗੁਰੂ ਮੈਦਾਨੇ ਜੰਗ ਵਿੱਚ ਵੀ ਯੁੱਧ ਵਿੱਦਿਆ ਸਿਖਾ ਰਹੇ ਹੋਣ। ਇਤਿਹਾਸਕ ਸਰੋਤ ਦੱਸਦੇ ਨੇ, ਕਿ ਇਸ ਜੰਗ ਨੂੰ ਜਿੱਤਣ ਤੋਂ ਬਾਅਦ ਆਪ ਜੀ ਦਾ ਨਾਮ ਤਿਆਗ ਮੱਲ ਤੋਂ ਤੇਗ਼ ਬਹਾਦਰ ਰੱਖ ਦਿੱਤਾ ਗਿਆ। ਇਸ ਸਮੇਂ ਸ਼ਹਿਜਾਦੇ ਦੀ ਝੋਲੀ ਦੋ ਵਸਤਾਂ ਪਾਈਆਂ ਗਈਆਂ— ਇੱਕ ਰੁਮਾਲ ਤੇ ਇੱਕ ਕਟਾਰ। ਸ਼ਾਇਦ ਇਹ ਰੁਮਾਲ ਹੀ ਸ਼੍ਰਿਸਟ ਦੀ ਚਾਦਰ ਬਣਿਆ।

"ਅਬ ਤਕਦੀਰ ਭੀ ਝੁਕੇਗੀ ਮੇਰੀ ਸ਼ਮਸ਼ੀਰ ਕੇ ਆਗੇ" ਤੇ ਕਟਾਰ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸਾ ਸਾਜਨਾ ਦਿਵਸ ਦੀ ਸ਼ਮਸ਼ੀਰ ਭਾਵ ਤੇਗ਼ ਬਣੀ।

ਕਰਤਾਰਪੁਰ ਤੇ ਪਲਾਹੀ ਕੋਲ ਹੋਈਆਂ ਲੜਾਈਆਂ ਤੋਂ ਬਾਅਦ ਆਪ ਪਿਤਾ ਜੀ ਦੇ ਆਦੇਸ਼ ਅਨੁਸਾਰ ਮਾਤਾ ਨਾਨਕੀ ਤੇ ਗੁਜਰੀ ਜੀ ਨਾਲ ਨਾਨਕੇ ਪਿੰਡ ਬਕਾਲੇ ਆ ਗਏ। ਇੱਥੋਂ ਹੀ ਆਪ ਪਰਚਾਰਕ ਯਾਤਰਾਵਾਂ 'ਤੇ ਜਾਂਦੇ ਰਹੇ। ਲੋਕਾਂ ਨੂੰ ਵਹਿਮਾਂ-ਭਰਮਾਂ ਵਿੱਚੋਂ ਕੱਢ ਕੇ ਇੱਕ ਅਕਾਲ ਪੁਰਖ਼ ਦੇ ਲੜ ਲਾਇਆ। ਸੰਨ 1660 ਵਿੱਚ ਆਪ ਪੂਰਬ ਵੱਲ ਲੰਮੀ ਪ੍ਰਚਾਰ ਯਾਤਰਾ 'ਤੇ ਗਏ। ਨਾਲ ਕਈ ਗੁਰਸਿੱਖ ਸਨ। ਦਿੱਲੀ, ਮਥੁਰਾ, ਆਗਰਾ, ਪ੍ਰਯਾਗ ਤੇ ਕਾਸ਼ੀ ਹੁੰਦੇ ਹੋਏ ਗਯਾ ਰਾਹੀਂ ਪਟਨੇ ਪੁੱਜੇ।


ਗੁਰਦੁਆਰਾ ਸ੍ਰੀ ਲੰਗਰ ਸਾਹਿਬ, ਔਰੰਗਾਬਾਦ

ਪਟਨੇ ਤੇ ਆਲੇ-ਦੁਆਲੇ ਇੱਕ ਸਾਲ ਸਿੱਖੀ ਦਾ ਪ੍ਰਚਾਰ ਕੀਤਾ। ਗੁਰੂ ਹਰਿ ਰਾਇ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਖ਼ਬਰ ਸੁਣ ਕੇ ਵਾਪਸ ਦਿੱਲੀ ਪਹੁੰਚੇ। ਗੁਰੂ ਹਰਿ ਕ੍ਰਿਸ਼ਨ ਜੀ ਤੇ ਉਹਨਾਂ ਦੀ ਮਾਤਾ ਸੁਲੱਖਣੀ ਜੀ ਨੂੰ ਮਿਲੇ। ਫਿਰ ਸਿੱਧੇ ਬਕਾਲੇ ਆ ਗਏ।

## ਲੇਖ: ਮਨਜੀਤ ਕੌਰ ਸੇਖੋਂ

ਪ੍ਰਚਲਿਤ ਸਿੱਖ ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ 'ਬਾਬਾ ਬਕਾਲੇ' ਆਖ ਕੇ ਆਉਣ ਵਾਲੇ ਗੁਰੂ ਦਾ ਸੰਕੇਤ ਦੇ ਗਏ ਸਨ। ਭਾਈ ਮੱਖਣ ਸ਼ਾਹ ਲੁਬਾਣਾ ਨੇ ਉਹਨ੍ਹਾਂ ਨੂੰ ਪ੍ਰਗਟ ਕੀਤਾ ਸੀ।

ਬਾਬਾ ਬਸੈ ਗਰਾਮ ਬਕਾਲੇ॥ ਬਣ ਗੁਰ ਸੰਗਤਿ ਸਕਲ ਸੰਭਾਲੈ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਿਤ ਕੀਤੀ ਬੀੜ ਧੀਰ ਮੱਲੀਆਂ ਕੋਲ ਸੀ। ਸੋ ਖ਼ਿਆਲ ਸੀ, ਅਗਲਾ ਗੁਰੂ ਉਹੀ ਹੋਵੇਗਾ, ਜਿਸ ਕੋਲ ਬੀੜ ਹੋਵੇਗੀ। ਸੌ ਮੰਜੀਆਂ ਲੱਗ ਗਈਆਂ। ਦਰਗਾਹ ਮੱਲ ਗੁਰਿਆਈ ਦੀਆਂ ਚੀਜ਼ਾਂ ਲੈ ਕੇ ਆਏ ਸਨ ਤੇ ਰਸਮੀ ਗੁਰਿਆਈ ਕਰ ਦਿੱਤੀ ਗਈ ਸੀ।

ਮੱਖਣ ਸ਼ਾਹ ਦੀ ਕਿਉਂ ਲੋੜ ਪਈ ? ਮੱਖਣ ਸ਼ਾਹ ਲੁਬਾਣਾ ਲੂਣ ਦੇ ਬਾਣੀਏ ਸਨ। ਜਿਹਲਮ ਦੇ ਕੰਢੇ ਉਹਨਾਂ ਦਾ ਲੂਣ ਦਾ ਵਪਾਰ ਸੀ। ਉਨ੍ਹਾਂ ਕੋਲ 100 ਤੋਂ ਉਪਰ ਬੇੜੇ, 1000 ਤੋਂ ਉੱਪਰ ਗੱਡਿਆਂ ਦਾ ਕਾਫ਼ਲਾ ਤੇ 500 ਅੰਗ ਰੱਖਿਅਕ ਸਨ। ਉਦੋਂ ਡਲਿਆਂ ਵਾਲਾ ਲੂਣ ਹੁੰਦਾ ਸੀ, ਜਿਹਨੂੰ ਅੱਜ-ਕੱਲ੍ਹ ਪਾਕਿਸਤਾਨੀ ਲੂਣ ਕਹਿੰਦੇ ਹਨ। ਮੱਖਣ ਸ਼ਾਹ ਲੁਬਾਣਾ ਦਾ ਲੂਣ ਵਾਲਾ ਜਹਾਜ਼ ਫਸ ਗਿਆ। ਮੱਖਣ ਸ਼ਾਹ ਨੇ ਅਰਦਾਸ ਕੀਤੀ ਤੇ ਗੁਰੂ ਨੂੰ 500 ਮੋਹਰਾਂ ਭੇਂਟ ਕਰਨ ਦੀ ਸੁੱਖਣਾ ਕਾਮਨਾ ਕੀਤਾ। ਮੱਖਣ ਸ਼ਾਹ ਲੁਬਾਣਾ ਦਾ ਫਸਿਆ ਬੇੜਾ ਨਿਕਲ ਆਇਆ। ਉਸ ਨੂੰ ਦਿੱਲੀ ਆਣ ਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਬਾਰੇ ਤੇ ਅਗਲੇ ਗੁਰੂ ਦੀ ਦੱਸ 'ਬਾਬੇ ਬਕਾਲੇ' ਬਾਰੇ ਪਤਾ ਲੱਗਿਆ।

ਬਾਬਾ ਬਕਾਲੇ ਆ ਕੇ 22-24 ਮੰਜੀਆਂ ਲੱਗੀਆਂ ਵੇਖ ਮੱਖਣ ਸ਼ਾਹ ਬੌਂਦਲ ਗਿਆ, ਕਿਹਨੂੰ ਕਿਹਨੂੰ ਮੱਥਾ ਟੇਕੇ ?, ਸਭਨਾਂ ਦੇ ਏਜੰਟ ਆਪਣੇ ਗੁਰੂ ਨੂੰ ਅਸਲੀ ਗੁਰੂ ਦੱਸ ਕੇ ਪ੍ਰਚਾਰ ਕਰ ਰਹੇ ਸਨ। ਮੱਖਣ ਸ਼ਾਹ ਨੇ ਸਭ ਦੇ ਅੱਗੇ ਦੋ-ਦੋ ਮੋਹਰਾਂ ਦਾ ਮੱਥਾ ਟੇਕਿਆ, ਸਭਨੇ ਮਾਣ ਤਾਣ, ਸਿਰੋਪੇ ਬਖ਼ਸ਼ੇ। ਤਸੱਲੀ ਨਹੀਂ ਹੋਈ, ਪੁੱਛਿਆ ਕਿ ਕੋਈ ਹੋਰ ਵੀ ਰਹਿੰਦੈ ਇੱਥੇ ? ਕਿਸੇ ਦੱਸਿਆ 26 ਸਾਲ ਹੋ ਗਏ ਭੋਰੇ ਵਿੱਚ ਕੋਈ ਤਪੱਸਵੀ ਬੈਠਾ, ਕਦੀ-ਕਦੀ ਰਾਤ ਬਰਾਤੇ ਹੀ ਬਾਹਰ ਨਿਕਲਦਾ, ਲੋਕ 'ਤੇਗਾ' ਕਹਿ ਕੇ ਬੁਲਾਉਂਦੇ ਹਨ। ਭੋਰੇ 'ਚ ਜਾ ਕੇ 50 ਮੋਹਰਾਂ ਦਾ ਮੱਥਾ ਟੇਕਿਆ। ਗੁਰੂ ਸਾਹਿਬ ਨੇ ਮੋਢੇ ਤੋਂ ਚਾਦਰ ਲਾਹੀ, ਜ਼ਖ਼ਮ ਦਿਖਾਏ ਤੇ ਕਿਹਾ, "ਮੱਖਣ ਸ਼ਾਹ ਇਹ ਉਹੀ ਮੋਢਾ, ਜਿਸ ਨੇ ਜਹਾਜ ਕੱਢਿਆ। ਹੁਣ 500 ਦੀ ਥਾਂ 50 ਮੋਹਰਾਂ ?" ਮੱਖਣ ਸ਼ਾਹ ਨੇ ਰੌਲਾ ਪਾਇਆ, "ਗੁਰੂ ਲਾਧੋ ਰੇ।" ਗੁਰੂ ਸਾਹਿਬ ਨੇ ਕਿਹਾ ਰੌਲਾ ਨਾ ਪਾ। ਕਹਿੰਦਾ ਮੈਂ ਤਾਂ ਪਾਊਂਗਾ। ਕਹਿੰਦੇ ਤੇਰਾ ਮੂੰਹ ਕਾਲਾ ਕੀਤਾ ਜਾਵੇਗਾ, ਕਹਿੰਦਾ ਮੂੰਹ ਕਾਲਾ ਮੈਂ ਆਪੇ ਹੀ

ਕਰ ਲਾਵਾਂਗਾ ਪਰ ਰੌਲਾ ਜ਼ਰੂਰ ਪਾਵਾਂਗਾ— "ਗੁਰੂ ਲਾਧੋ ਰੇ, ਤਾਂ ਕਿ ਸਿੱਖ ਸੰਗਤ ਇਨ੍ਹਾਂ ਮਸੰਦਾਂ ਤੋਂ ਖ਼ਬਰਦਾਰ ਰਹੇ।"

ਇਸ ਮਗਰੋਂ ਆਪ ਨੇ ਪੰਜਾਬ ਹਰਿਆਣੇ ਦੇ ਇਲਾਕਿਆਂ ਦਾ ਦੌਰਾ ਕੀਤਾ। ਆਪ ਜੀ ਦੇ ਨਾਲ ਭਾਈ ਦਵਾਰਕਾ ਦਾਸ, ਭਾਈ ਮੱਖਣ ਸ਼ਾਹ ਤੇ ਕਈ ਹੋਰ ਸਿੱਖ ਸਨ। ਨਵੰਬਰ 1664 ਵਿੱਚ ਆਪ ਅੰਮ੍ਰਿਤਸਰ ਪਹੁੰਚੇ। ਉੱਥੋਂ 13 ਮਈ 1665 ਨੂੰ ਬਿਲਾਸਪੁਰ ਆਏ। ਆਪਣੇ ਪੰਜ ਸਿੱਖਾਂ ਨੂੰ ਰਾਜਾ ਭੀਮ ਚੰਦ ਕੋਲ ਭੇਜਿਆ। ਭੀਮ ਚੰਦ ਨੇ ਸੋਚਿਆ ਜੇ ਨਾਂਹ ਕਰਾਂਗਾ ਤਾਂ ਅਕ੍ਰਿਤਘਣ ਬਣਾਂਗਾ, ਕਿਉਂਕਿ ਉਸ ਦੇ ਬਾਬੇ ਤਾਰਾ ਚੰਦ ਨੂੰ ਛੇਵੇਂ ਪਾਤਸ਼ਾਹ ਨੇ ਗਵਾਲੀਅਰ ਦੇ ਕਿਲੇ ਵਿੱਚੋਂ ਆਜ਼ਾਦ ਕਰਵਾਇਆ ਸੀ। ਸੋਚਿਆ, ਮਾੜੀ ਜਗ੍ਹਾ ਦੇ ਦਿੱਤੀ ਜਾਵੇ। ਮਾਖੋਵਾਲ ਵਿਖੇ ਜਗ੍ਹਾ ਦੇ ਦਿੱਤੀ, ਜਿੱਥੇ ਦੋ ਮੁਸਲਮਾਨ ਪ੍ਰੇਤ ਰਹਿੰਦੇ ਸਨ— ਮਾਖਾ ਖ਼ਾਂ ਤੇ ਗਾਟਾ ਖ਼ਾਂ। 19 ਜੂਨ 1665 ਨਵੇਂ ਅਸਥਾਨ ਦੀ ਮੋਹੜੀ ਗੱਡੀ ਤੇ ਪਿੰਡ ਦਾ ਨਾਂ 'ਚਕ ਮਾਤਾ ਨਾਨਕੀ' ਰੱਖਿਆ। ਚਾਰ ਕੁ ਮਹੀਨਿਆਂ ਮਗਰੋਂ ਮਾਤਾ ਗੁਜਰੀ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲ ਦਾਸ ਤੇ ਕੁੱਝ ਹੋਰ ਸਿੱਖਾਂ ਨਾਲ ਗੁਰੂ ਪਟਨੇ ਵੱਲ ਦੀ ਦੂਜੀ ਯਾਤਰਾ ਵੱਲ ਤੁਰ ਪਏ। ਸਮੇਂ ਦੀ ਹਕੂਮਤ ਗੁਰੂ ਜੀ ਦੇ ਪ੍ਰਚਾਰ ਤੇ ਸੰਗਤਾਂ ਵਿੱਚ ਵੱਧਦੇ ਰਸੂਖ਼ ਤੋਂ ਘਬਰਾ ਚੁੱਕੀ ਸੀ। ਧਮਤਾਣ ਵਿੱਚ ਉਹਨਾਂ ਦੀ ਗ੍ਰਿਫ਼ਤਾਰੀ ਦਾ ਹੁਕਮ ਜਾਰੀ ਹੋ ਗਿਆ। 6 ਨਵੰਬਰ 1665 ਨੂੰ ਗ੍ਰਿਫ਼ਤਾਰੀ ਹੋਈ। ਗੁਰੂ ਜੀ ਨੂੰ ਇਸਲਾਮ ਧਾਰਨ ਕਰਨ ਜਾਂ ਕਰਾਮਾਤ ਵਿਖਾਉਣ ਲਈ ਕਿਹਾ, ਜਾਂ ਫਿਰ ਮੌਤ ਕਬੂਲ ਕਰਨੀ ਪਵੇਗੀ। ਔਰੰਗਜ਼ੇਬ ਨਾਲ ਲੰਬੀ ਵਾਰਤਾ ਹੋਈ। ਗੁਰੂ ਸਾਹਿਬ ਨੇ ਪੁੱਛਿਆ ਕੀ ਇਹ ਨਿਸ਼ਚਿਤ ਹੈ ਕਿ ਇਸਲਾਮ ਧਾਰਨ ਕਰਨ ਤੋਂ ਬਾਅਦ ਕਦੇ ਮੌਤ ਨਹੀਂ ਹੋਵੇਗੀ, ਤਾਂ ਮੈਂ ਕਬੂਲ ਕਰ ਲਵਾਂਗਾ। ਔਰੰਗਜ਼ੇਬ ਨੇ ਕਿਹਾ, ਇਹ ਸਭ ਜਾਣਦੇ ਨੇ, ਮੌਤ ਤਾਂ ਅਟੱਲ ਹੈ, ਗੁਰੂ ਸਾਹਿਬ ਕਿਹਾ, ਫੇਰ ਮੈਂ ਕਿਉਂ ਤੇਰਾ ਧਰਮ ਅਪਣਾਵਾਂ?। ਕਰਾਮਾਤ ਦਿਖਾਉਣ ਦੀ ਸੂਰਤ ਵਿੱਚ ਕਿਹਾ, ਕਿ ਸਿੱਖ ਕਰਾਮਾਤ ਨਹੀਂ ਦਿਖਾਉਂਦਾ ਬਲਕਿ ਕੁਦਰਤ ਦੀ ਕਰਾਮਾਤ ਦੇਖਣ ਆਉਂਦਾ ਹੈ। ਫਿਰ ਇਸ ਤੋਂ ਕੀ ਡਰਨਾ ? ਦਸੰਬਰ 1665 ਵਿੱਚ ਆਪ ਜੀ ਨੂੰ ਰਿਹਾਅ ਕਰ ਦਿੱਤਾ ਗਿਆ। ਉਪਰੰਤ ਦਿੱਲੀ ਤੋਂ ਹਰਦੁਆਰ, ਮਥੁਰਾ, ਆਗਰਾ, ਕਾਨਪੁਰ, ਇਲਾਹਾਬਾਦ, ਗਯਾ ਹੁੰਦੇ ਹੋਏ ਪਟਨਾ ਪਹੁੰਚੇ। ਮਾਤਾ ਗੁਜਰੀ ਜੀ ਨੂੰ ਉੱਥੇ ਛੱਡ ਕੇ ਅਸਾਮ ਵੱਲ ਗਏ।

25 ਮਈ 1675 ਨੂੰ ਕਸ਼ਮੀਰੀ ਪੰਡਿਤਾਂ ਦਾ ਮੁਖੀ ਪੰਡਿਤ ਕਿਰਪਾ ਰਾਮ 16 ਪ੍ਰਮੁੱਖ ਪੰਡਿਤਾਂ ਦਾ ਇਕ ਵਫ਼ਦ ਲੈ ਕੇ ਆਨੰਦਪੁਰ ਸਾਹਿਬ ਗੁਰੂ ਦਰਬਾਰ ਵਿੱਚ ਪੇਸ਼ ਹੋਇਆ। ਇਹ ਪੰਡਿਤ ਬ੍ਰਹਮਦਾਸ ਦੇ ਖ਼ਾਨਦਾਨ ਵਿੱਚੋਂ ਸੀ, ਬ੍ਰਹਮਦਾਸ ਜਿਸ ਦਾ

## ਲੇਖ: ਮਨਜੀਤ ਕੌਰ ਸੇਖੋਂ

ਗੁਰੂ ਨਾਨਕ ਦੇਵ ਜੀ ਨੇ ਕਸ਼ਮੀਰ ਦੇ 'ਮਟਨ' ਇਲਾਕੇ ਵਿੱਚ ਵਿੱਦਿਆ ਦਾ ਹੰਕਾਰ ਤੋੜਿਆ ਸੀ। ਭਾਈ ਚੌਪਾ ਸਿੰਘ ਅਨੁਸਾਰ ਪੰਡਿਤ ਕਿਰਪਾ ਦਾਸ ਬਾਲ ਗੋਬਿੰਦ ਰਾਏ ਜੀ ਨੂੰ ਸੰਸਕ੍ਰਿਤ ਦੀ ਵਿੱਦਿਆ ਦਿੰਦਾ ਰਿਹਾ ਸੀ। ਕੇਸਰ ਸਿੰਘ ਛਿੱਬਰ ਦੀਆਂ ਲਿਖਤਾਂ ਤੋਂ ਪਤਾ ਲੱਗਦਾ ਹੈ ਕਿ ਪੰਡਿਤ ਕਿਰਪਾ ਰਾਮ ਖੰਡੇ ਦੀ ਪਾਹੁਲ ਲੈ ਕੇ ਸਿੱਖੀ ਦੇ ਦਾਇਰੇ ਵਿੱਚ ਆ ਗਿਆ ਸੀ ਤੇ ਚਮਕੌਰ ਸਾਹਿਬ ਦੀ ਜੰਗ ਵਿੱਚ ਲੜਦਿਆਂ ਸ਼ਹੀਦੀ ਪ੍ਰਾਪਤ ਕੀਤੀ।

ਪੰਡਿਤ ਕਿਰਪਾ ਰਾਮ ਨੇ ਇਸਲਾਮ ਨਾ ਕਬੂਲਣ ਦੀ ਸੂਰਤ ਵਿੱਚ ਕੀਤੇ ਜਾ ਰਹੇ ਕਤਲੇਆਮ ਦਾ ਵੇਰਵੇ ਸਹਿਤ ਵਰਨਣ ਕੀਤਾ। ਗੁਰੂ ਸਾਹਿਬ ਨੇ ਕਿਹਾ, "ਇਹਨਾਂ ਦੀ ਮਦਦ ਲਈ ਕੁਰਬਾਨੀ ਦੀ ਲੋੜ ਹੈ।" ਗੋਬਿੰਦ ਰਾਏ ਜੀ ਨੇ ਪੂਰੇ ਵਿਸ਼ਵਾਸ ਨਾਲ ਕਿਹਾ, "ਪਿਤਾ ਜੀ ਇਸ ਕੁਰਬਾਨੀ ਲਈ ਤੁਹਾਡੇ ਤੋਂ ਵੱਧ ਯੋਗ ਹੋਰ ਕੌਣ ਹੋ ਸਕਦਾ?" ਗੁਰੂ ਸਾਹਿਬ ਨੇ ਬਾਲ ਗੋਬਿੰਦ ਰਾਏ ਨੂੰ ਸਾਬਾਸ਼ ਦਿੱਤੀ ਤੇ ਸੰਗਤਾਂ ਨੂੰ ਅਗਲੇ ਵਾਰਸ ਤੇ ਕੁਰਬਾਨੀ ਦੇ ਜਜ਼ਬੇ ਦੇ ਦੀਦਾਰ ਕਰਵਾ ਦਿੱਤੇ। ਗੁਰੂ ਜੀ ਨੇ ਪੰਡਿਤਾਂ ਨੂੰ ਕਿਹਾ ਕਿ ਬਾਦਸ਼ਾਹ ਤੱਕ ਇਹ ਸੁਨੇਹਾ ਪਹੁੰਚਾ ਦਿਉ ਕਿ ਜੇ ਗੁਰੂ ਤੇਗ਼ ਬਹਾਦਰ ਨੂੰ ਮੁਸਲਮਾਨ ਬਣਾ ਦਿਉ ਤਾਂ ਸਾਰੀ ਕੌਮ ਇਸਲਾਮ ਧਾਰਨ ਕਰ ਲਵੇਗੀ। ਪੰਡਿਤਾਂ ਸੁੱਖ ਦਾ ਸਾਹ ਲਿਆ ਤੇ ਦਿੱਲੀ ਵੱਲ ਕੂਚ ਕੀਤਾ।

ਗੁਰੂ ਤੇਗ਼ ਬਹਾਦਰ ਜੀ 8 ਜੁਲਾਈ 1675 ਨੂੰ ਗੋਬਿੰਦ ਰਾਏ ਜੀ ਦੀ ਗੁਰਗੱਦੀ ਨਸ਼ੀਨੀ ਦੀ ਰਸਮ ਪੂਰੀ ਕਰਨ ਬਾਅਦ ਤਿੰਨੋ ਸਿੱਖਾਂ ਸਮੇਤ ਚੱਕ ਨਾਨਕੀ (ਆਨੰਦਪੁਰ ਸਾਹਿਬ) ਤੋਂ ਰਵਾਨਾ ਹੋ ਗਏ। ਕੀਰਤਪੁਰ ਸਾਹਿਬ ਪਹੁੰਚ ਕੇ ਸੰਗਤਾਂ ਨੂੰ ਚੜ੍ਹਦੀ ਕਲਾ ਵਿੱਚ ਰਹਿਣ ਦਾ ਉਪਦੇਸ਼ ਦਿੱਤਾ। 11 ਜੁਲਾਈ ਸਰਸਾ ਨਦੀ ਪਾਰ ਕਰਕੇ ਮਲਕਪੁਰ ਰੰਘੜਾ ਪਹੁੰਚੇ ਤਾਂ ਥਾਣੇਦਾਰ ਰੋਪੜ ਮਿਰਜਾ ਨੂਰ ਮੁਹੰਮਦ ਨੇ ਗੁਰੂ ਜੀ ਨੂੰ ਤਿੰਨਾਂ ਸਿੱਖਾਂ ਸਮੇਤ ਸਰਹਿੰਦ ਦੇ ਸੂਬੇਦਾਰ ਪਾਸ ਭੇਜ ਦਿੱਤਾ। ਗੁਰੂ ਸਾਹਿਬ ਦੀ ਇਹ ਤੀਜੀ ਗ੍ਰਿਫ਼ਤਾਰੀ ਸੀ। ਬਸੀ ਪਠਾਣਾਂ ਵਿੱਚ ਗੁਰੂ ਜੀ ਤੇ ਤਿੰਨਾਂ ਸਿੱਖਾਂ ਨੂੰ ਸਾਢੇ ਤਿੰਨ ਮਹੀਨੇ ਰੱਖਿਆ ਗਿਆ। ਜਦੋਂ ਬਾਦਸ਼ਾਹ ਦਾ ਹੁਕਮ ਆਇਆ ਕਿ ਗੁਰੂ ਤੇਗ਼ ਬਹਾਦਰ ਜੀ ਨੂੰ ਕੈਦ ਕੀਤਾ ਜਾਵੇ ਤਾਂ ਗੁਰੂ ਜੀ ਨੂੰ ਦਿੱਲੀ ਵੱਲ ਭੇਜਿਆ ਗਿਆ। ਜਿੱਥੇ ਉਹਨ੍ਹਾਂ ਨੂੰ 3 ਨਵੰਬਰ 1675 ਨੂੰ ਚਾਂਦਨੀ ਚੌਂਕ ਵਾਲੀ ਕੋਤਵਾਲੀ ਵਿੱਚ ਕੈਦ ਕੀਤਾ ਗਿਆ।

4 ਨਵੰਬਰ ਨੂੰ ਗੁਰੂ ਜੀ ਨੂੰ ਸੂਬੇਦਾਰ ਸਾਫ਼ੀ ਖ਼ਾਨ ਦੇ ਸਾਹਮਣੇ ਪੇਸ਼ ਕੀਤਾ ਗਿਆ। ਗੁਰੂ ਜੀ ਨੂੰ ਤਿੰਨ ਦਿਨ ਲਗਾਤਾਰ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦਿੱਤੇ ਗਏ। ਗੁਰੂ ਜੀ ਦੇ ਸਰੀਰ 'ਤੇ ਗਰਮ ਰੇਤ ਪਾਈ ਗਈ। ਚੌਥੇ ਦਿਨ ਜ਼ੁਲਮ ਦੀ ਇੰਤਹਾ ਕਰ ਦਿੱਤੀ। ਗੁਰੂ ਜੀ ਦੇ ਸਰੀਰ ਨੂੰ ਬਲਦੇ ਥੰਮ ਨਾਲ ਬੰਨ੍ਹ ਕੇ ਅਕਹਿ ਤਸੀਹੇ ਦਿੱਤੇ ਗਏ। 11

## ਲੇਖ: ਮਨਜੀਤ ਕੌਰ ਸੇਖੋਂ

ਨਵੰਬਰ 1675 ਨੂੰ ਕੋਤਵਾਲੀ ਤੋਂ ਲਿਆ ਕੇ ਬਾਹਰ ਰੁੱਖ ਹੇਠਾਂ ਬਿਠਾ ਦਿੱਤਾ ਗਿਆ। ਉਹਨਾਂ ਦੇ ਸਾਮ੍ਹਣੇ ਭਾਈ ਮਤੀ ਦਾਸ ਜੀ ਨੂੰ ਲੱਕੜੀ ਦੀਆਂ ਦੋ ਮੋਟੀਆਂ ਗੇਲੀਆਂ ਵਿੱਚ ਜੜਕੇ ਆਰੇ ਨਾਲ ਚੀਰ ਕੇ ਸ਼ਹੀਦ ਕਰ ਦਿੱਤਾ। ਫੇਰ ਭਾਈ ਦਿਆਲਾ ਜੀ ਨੂੰ ਭੱਠੀ ਉੱਤੇ ਉੱਬਲਦੇ ਪਾਣੀ ਵਿੱਚ ਉਬਾਲ ਕੇ ਸ਼ਹੀਦ ਕਰ ਦਿੱਤਾ। ਭਾਈ ਸਤੀਦਾਸ ਜੀ ਦੁਆਲੇ ਰੂੰਅ ਲਪੇਟ ਕੇ ਅੱਗ ਲਾ ਦਿੱਤੀ। ਸਾਰਾ ਸਰੀਰ ਸੜ ਗਿਆ ਤੇ ਭਾਈ ਸਾਹਿਬ ਸ਼ਹੀਦ ਹੋ ਗਏ। ਤਿੰਨਾਂ ਗੁਰਸਿੱਖਾਂ ਨੇ ਭਿਆਨਕ, ਅਣਮਨੁੱਖੀ ਤਸ਼ਦਦ ਤਾਂ ਸਹਿ ਲਿਆ, ਪਰ ਸਿੱਖੀ ਨਹੀਂ ਤਿਆਗੀ। ਇਹ ਹਾਕਮਾਂ ਦੀ ਸਪੱਸ਼ਟ ਹਾਰ ਸੀ। ਝੁੰਜਲਾਏ ਹੋਏ ਕਾਜੀ ਅਬਦੁੱਲ ਵਹਾਬ ਵੋਹਰਾ ਨੇ ਫਤਵਾ ਦਿੱਤਾ ਕਿ ਗੁਰੂ ਜੀ ਦਾ ਸੀਸ ਤਲਵਾਰ ਨਾਲ ਧੜ ਤੋਂ ਜੁਦਾ ਕਰ ਦਿੱਤਾ ਜਾਵੇ। ਸਮ੍ਹਾਣੇ ਦੇ ਜਲਾਦ ਜਲਾਲੁਦੀਨ ਨੇ ਕਾਜ਼ੀ ਦਾ ਇਸ਼ਾਰਾ ਮਿਲਣ ’ਤੇ ਇਕੋ ਵਾਰ ਨਾਲ ਗੁਰੂ ਜੀ ਦਾ ਪਵਿੱਤਰ ਸੀਸ ਧੜ ਨਾਲੋਂ ਵੱਖ ਕਰ ਦਿੱਤਾ। ਦਸਮ ਪਾਤਸ਼ਾਹ ਦਾ ਹਜੂਰੀ ਕਵੀ ਸੈਨਾਪਤੀ ਗੁਰ ਸ਼ੋਭਾ ਗ੍ਰੰਥ ਵਿੱਚ ਲਿਖਦਾ ਹੈ:

ਪ੍ਰਗਟ ਭਏ ਗੁਰੂ ਤੇਗ ਬਹਾਦਰ। ਸਗਲ ਸ੍ਰਿਸ਼ਟ ਪੈ ਢਾਪੀ ਚਾਦਰ।
ਕਰਮ ਧਰਮ ਕੀ ਜਿਨਿ ਪਤਿ ਰਾਖੀ। ਅਟਲ ਕਰੀ ਕਲਿਯੁਗ ਮੈ ਸਾਖੀ॥

ਸਰਕਾਰ ਦਾ ਮਨਸੂਬਾ ਸੀ, ਗੁਰੂ ਜੀ ਦੇ ਸਰੀਰ ਦੇ ਅੰਗਾਂ ਨੂੰ ਅੱਡ-ਅੱਡ ਗੇਟਾਂ ’ਤੇ ਟੰਗਿਆ ਜਾਵੇ, ਸ਼ਰਧਾਲੂ ਸਿਰਲੱਥ ਜਵਾਨਾਂ ਨੇ ਸਰਕਾਰ ਦਾ ਮਨਸੂਬਾ ਫੇਲ ਕਰਨ ਲਈ ਇਕੱਠੇ ਹੋ ਕੇ ਵਿਚਾਰਾਂ ਕੀਤੀਆਂ। ਇਹਨਾਂ ਵਿੱਚ ਭਾਈ ਨਾਨੂੰ, ਭਾਈ ਜੈਤਾ, ਭਾਈ ਊਦਾ ਤੇ ਭਾਈ ਤੁਲਸੀ ਸਨ। ਭਾਈ ਨਾਨੂੰ ਨੇ ਤਜਵੀਜ਼ ਰੱਖੀ ਕਿ ਇਸ ਕੰਮ ਲਈ ਲੱਖੀ ਸ਼ਾਹ ਵਣਜਾਰੇ ਦੇ ਸੂਰਬੀਰ ਸਪੁੱਤਰਾਂ— ਨਗਾਹੀਆਂ, ਹੇਮਾ ਤੇ ਹਾੜੀ ਨੂੰ ਨਾਲ ਰਲਾਇਆ ਜਾਵੇ। ਉਸੇ ਦਿਨ ਉਹਨਾਂ ਦਾ ਟਾਂਡਾ (ਗੱਡਿਆਂ ਦਾ ਕਾਫ਼ਲਾ) ਨਰਮੌਲ ਤੋਂ ਵਾਪਸ ਆ ਰਿਹਾ ਸੀ। ਇਸ ਕੰਮ ਲਈ ਲੱਖੀ ਸ਼ਾਹ ਵਣਜਾਰੇ ਨੇ ਸਹਿਮਤੀ ਪ੍ਰਗਟ ਕੀਤੀ ਤੇ ਫ਼ੈਸਲਾ ਕੀਤਾ ਕਿ ਲੱਖੀ ਸ਼ਾਹ ਦਾ ਸਾਰਾ ਟਾਂਡਾ ਜਮਨਾ ਕੰਢਿਓਂ, ਚਾਂਦਨੀ ਚੌਂਕ ਵੱਲ ਰਵਾਨਾ ਕੀਤਾ ਜਾਵੇ। ਇਸ ਬਾਰੇ ਹਕੂਮਤ ਨੂੰ ਸ਼ੱਕ ਨ੍ਹੀ ਪੈ ਸਕਦਾ, ਕਿਉਂਕਿ ਉਹ ਸਰਕਾਰੀ ਠੇਕੇਦਾਰ ਸੀ।

ਯੋਜਨਾ ਅਨੁਸਾਰ ਭਾਈ ਨਾਨੂੰ, ਜੈਤਾ, ਊਦਾ ਤੇ ਅਗਿਆਰਾਮ ਟਾਂਡੇ ਦੇ ਨਾਲ ਚਾਂਦਨੀ ਚੌਂਕ ਪਹੁੰਚੇ। ਹਨ੍ਹੇਰੇ ਦਾ ਲਾਭ ਉਠਾਂਦਿਆਂ ਗੁਰੂ ਜੀ ਦਾ ਸੀਸ ਚੁੱਕ ਲਿਆ। ਭਾਈ ਜੈਤਾ ਜੀ ਪਾਵਨ ਸੀਸ ਆਪਣੇ ਗ੍ਰਹਿ ਲੈ ਗਏ ਤੇ ਸਤਿਕਾਰ ਨਾਲ ਖਾਰੇ ਵਿੱਚ ਪਾ ਕੇ ਪੱਤੀਆਂ ਨਾਲ ਢੱਕ ਕੇ ਅਦਬ ਨਾਲ ਚੁੱਕ ਕੇ ਆਨੰਦਪੁਰ ਸਾਹਿਬ ਲੈ ਜਾਣ ਦੀ ਤਿਆਰੀ ਕੀਤੀ। ਰਸਤੇ ਵਿੱਚ ਪੰਜ ਪੜ੍ਹਾਅ ਕੀਤੇ— ਬਾਗਪੱਤ, ਤਰਾਉੜੀ

(ਕਰਨਾਲ), ਅਨਾਜ ਮੰਡੀ ਸੀਸ ਗੰਜ ਅੰਬਾਲਾ, ਚੌਥਾ ਨਾਡਾ ਸਾਹਿਬ ਚੰਡੀਗੜ੍ਹ ਤੇ ਪੰਜਵਾਂ ਕੀਰਤਪੁਰ। ਕੀਰਤਪੁਰ ਤੋਂ ਖ਼ਬਰ ਆਨੰਦਪੁਰ ਸਾਹਿਬ ਪਹੁੰਚਾਈ ਗਈ। ਸੰਗਤਾਂ ਕੀਰਤਪੁਰ ਪੁੱਜੀਆਂ, ਮਾਤਾ ਗੁਜਰੀ ਜੀ ਪਤੀ ਦਾ ਸੀਸ ਦੇਖ ਕੇ ਅਡੋਲ ਰਹੇ। ਏਨਾ ਹੀ ਕਿਹਾ, "ਸੱਚੇ ਪਾਤਸ਼ਾਹ ਤੁਹਾਡੀ ਨਿਭ ਆਈ, ਹੁਣ ਕਿਰਪਾ ਕਰਕੇ ਸਾਡੀ ਵੀ ਨਿਭ ਆਵੇ।" ਗੁਰੂ ਗੋਬਿੰਦ ਸਿੰਘ ਭਾਈ ਜੈਤੇ ਨੂੰ ਗਲਵਕੜੀ ਪਾਉਂਦਿਆਂ ਕਿਹਾ, "ਰੰਘਰੇਟਾ ਗੁਰੂ ਕਾ ਬੇਟਾ।" 17 ਨਵੰਬਰ 1675 ਨੂੰ ਜਿੱਥੇ ਸੀਸ ਦਾ ਸਸਕਾਰ ਕੀਤਾ, ਉਥੇ ਗੁਰਦੁਆਰਾ 'ਸੀਸ ਗੰਜ' ਸਾਹਿਬ ਸੁਸ਼ੋਭਿਤ ਹੈ।

ਸਿਰਲੱਥ ਗੁਰਸਿੱਖਾਂ ਦੀ ਦੂਜੀ ਟੋਲੀ ਵਿੱਚ ਲੱਖੀ ਸ਼ਾਹ ਵਣਜਾਰੇ ਦੇ ਤਿੰਨੋ ਪੁੱਤਰ ਤੇ ਚੌਥੇ ਭਾਈ ਧੂਮਾ ਜੀ ਸ਼ਾਮਲ ਸਨ। ਇਹਨਾਂ ਨੇ ਧੜ ਗੱਡੇ ਵਿੱਚ ਰੱਖ ਕੇ ਟਾਂਡਾ ਆਪਣੀ ਬਸਤੀ ਰਕਾਬਗੰਜ ਵੱਲ ਤੋਰ ਦਿੱਤਾ। ਸ਼ੱਕ ਤੋਂ ਬਚਣ ਲਈ ਲੱਖੀ ਸ਼ਾਹ ਜੀ ਨੇ ਧੜ ਨੂੰ ਆਪਣੇ ਮਕਾਨ ਵਿੱਚ ਟਿਕਾ ਕੇ ਮਕਾਨ ਨੂੰ ਅੱਗ ਲਾ ਦਿੱਤੀ। ਮਗਰੋਂ ਉੱਚੀ-ਉੱਚੀ ਰੌਲਾ ਪਾ ਦਿੱਤਾ, ਪਰ ਹਕੂਮਤ ਨੂੰ ਸ਼ੱਕ ਵੀ ਨਾ ਪਿਆ। ਪ੍ਰਭਾਤ ਹੋਣ ਤੋਂ ਪਹਿਲਾਂ ਹੀ ਰਕਾਬਗੰਜ ਵਿਖੇ ਧੜ ਦਾ ਸਸਕਾਰ ਕਰ ਦਿੱਤਾ ਗਿਆ। ਇਸ ਅਸਥਾਨ ਤੇ ਹੁਣ ਗੁਰਦੁਆਰਾ ਰਕਾਬ ਗੰਜ ਸੁਸ਼ੋਭਿਤ ਹੈ। ਇਸ ਅਸਥਾਨ ਨੂੰ 1785 ਵਿੱਚ ਸ. ਬਘੇਲ ਸਿੰਘ ਕਰੋੜਸਿੰਘੀਏ ਨੇ ਬਣਾਇਆ ਸੀ।

ਗੁਰੂ ਸਾਹਿਬ ਦੀ ਸ਼ਹਾਦਤ ਵੀ ਕੁੱਝ ਐਸੀ ਹੈ। ਆਪ ਵੈਰਾਗ ਤੇ ਚੜ੍ਹਦੀ ਕਲਾ ਵਿੱਚ ਬਾਣੀ ਗਾਇਨ ਕਰਦੇ ਰਹੇ, "ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥" ਆਪ ਹੀ ਔਰੰਗਜ਼ੇਬ ਨੂੰ ਸੁਨੇਹਾ ਭੇਜਿਆ ਤੇ ਸ਼ਹਾਦਤ ਪਾ ਗਏ। ਇਸ ਸ਼ਹਾਦਤ 'ਚੋਂ ਖ਼ਾਲਸਾ ਪੰਥ ਦਾ ਜਨਮ ਹੋਇਆ, ਜੋ ਅੱਜ ਤੱਕ ਆਕਾਸ਼ ਵਿੱਚ ਚੜ੍ਹਦੀ ਕਲਾ ਵਿੱਚ ਤਾਰੀਆਂ ਲਾ ਰਿਹਾ ਹੈ।

**ਮੁੱਖ ਸ੍ਰੋਤ:** ਜੀਵਨ ਗਾਥਾ ਤੇ ਉਪਦੇਸ਼: ਗੁਰੂ ਤੇਗ਼ ਬਹਾਦਰ ਜੀ (ਸਿੱਖ ਮਿਸ਼ਨਰੀ ਵੱਲੋਂ ਛਾਪੀ)
ਸਿੱਖ ਫੁਲਵਾੜੀ, ਸਿੱਖ ਮਿਸ਼ਨਰੀ ਕਾਲਜ ਦਾ ਮਾਸਿਕ ਪੱਤਰ

**ਮਨਜੀਤ ਕੌਰ ਸੇਖੋਂ**
**ਸੈਕਰਾਮੈਂਟੋ**
**916-690-2379**
**Email: mksekhon@yahoo.com**

# ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ

## ਲੁਧਿਆਣਾ

# ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ

ਵੱਲੋਂ

## ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ

# ਅੰਤਰਰਾਸ਼ਟਰੀ ਸਟੇਜੀ ਕਵੀ ਦਰਬਾਰ (ਆਨਲਾਈਨ)

ਮਿਤੀ: 24 ਅਪ੍ਰੈਲ, 2021 ਸਮਾਂ: ਸਵੇਰੇ 10:00 ਵਜੇ (IST)

### ਆਰੰਭਕ ਬੋਲ



**ਡਾ. ਸ. ਪ. ਸਿੰਘ**
ਸਾਬਕਾ ਵਾਈਸ ਚਾਂਸਲਰ
ਗੁਰੂ ਨਾਨਕ ਦੇਵ ਯੂਨੀਵਰਸਿਟੀ
ਅੰਮ੍ਰਿਤਸਰ

### ਆਸ਼ੀਰਵਾਦੀ ਸ਼ਬਦ



**ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ**
ਸ਼੍ਰੋਮਣੀ ਕਥਾਵਾਚਕ

### ਉਦਘਾਟਨ



**ਪ੍ਰੋ. ਗੁਰਭਜਨ ਸਿੰਘ ਗਿੱਲ**
ਸਾਬਕਾ ਪ੍ਰਧਾਨ
ਪੰਜਾਬੀ ਸਾਹਿਤ ਅਕਾਡਮੀ
ਲੁਧਿਆਣਾ

### ਪ੍ਰਧਾਨਗੀ



**ਡਾ. ਅਮਰਜੀਤ ਸਿੰਘ ਦੂਆ**
ਡਾਇਰੈਕਟਰ
ਗੁਰੂ ਤੇਗ ਬਹਾਦਰ ਨਰਸਿੰਗ ਇੰਸਟੀਚਿਊਟ
ਲੁਧਿਆਣਾ

## ਕਵੀ ਸਾਹਿਬਾਨ



**ਡਾ. ਰਾਵਿੰਦਰ ਸਿੰਘ ਮਸਰੂਰ**
ਜਗਾਧਰੀ



**ਇੰਜੀ. ਜਸਵੰਤ ਸਿੰਘ ਜ਼ਫ਼ਰ**
ਲੁਧਿਆਣਾ



**ਡਾ. ਹਰੀ ਸਿੰਘ ਜਾਚਕ**
ਲੁਧਿਆਣਾ



**ਅਵਤਾਰ ਸਿੰਘ ਤਾਰੀ**
ਅੰਮ੍ਰਿਤਸਰ



**ਇੰਜੀ. ਕਰਮਜੀਤ ਸਿੰਘ ਨੂਰ**
ਜਲੰਧਰ



**ਅਮਰਜੀਤ ਕੌਰ ਪਰਵਾਨਾ**
ਮੁੰਬਈ



**ਬੀਬੀ ਸੁਰਜੀਤ ਕੌਰ**
ਸੈਕਰਾਮੈਂਟੋ



**ਗੁਰਦੀਸ਼ ਕੌਰ ਗਰੇਵਾਲ**
ਕੈਲਗਰੀ

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਮਨੁੱਖਤਾ ਨੂੰ ਅਦੁੱਤੀ ਦੇਣ

**ਡਾ. ਦੇਵਿੰਦਰ ਸਿੰਘ ਸੇਖੋਂ**



ਡਾ. ਦੇਵਿੰਦਰ ਸਿੰਘ ਸੇਖੋਂ ਨੇ ਰਸਾਇਣ ਅਤੇ ਪ੍ਰਸ਼ਾਸਨਿਕ ਖੇਤਰ ਵਿਚ ਪੀਐਚ. ਡੀ. ਦੀ ਡਿਗਰੀ ਹਾਸਲ ਕੀਤੀ ਹੈ। ਆਪ ਜੀ ਦੀਆਂ 7 ਪੁਸਤਕਾਂ ਪੰਜਾਬੀ ਵਿਚ ਅਤੇ 2 ਅੰਗਰੇਜੀ ਵਿਚ ਪ੍ਰਕਾਸ਼ਤ ਹੋ ਚੁੱਕੀਆਂ ਹਨ। ਅੰਤਰਰਾਸ਼ਟਰੀ ਪੱਧਰ ਦੀਆਂ ਅਨੇਕਾਂ ਕਾਨਫਰੰਸਾਂ ਤੇ ਗੋਸ਼ਟੀਆਂ ਵਿਚ ਆਪ ਵੱਲੋਂ Sikhism ਸੰਬੰਧੀ ਖੋਜ-ਪੱਤਰ ਪ੍ਰਸਤੁਤ ਕੀਤੇ ਗਏ ਹਨ। ਬਹੁਤ ਜਲਦ ਇਹਨਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਗਰੇਜੀ ਭਾਸ਼ਾ ਵਿਚ ਅਨੁਵਾਦ ਦਾ ਕਾਰਜ ਮੁਕਮੰਲ ਹੋਣ ਵਾਲਾ ਹੈ

ਸੰਨ 2021 ਗੁਰੂ ਤੇਗ਼ ਬਹਾਦੁਰ ਸਾਹਿਬ ਦੇ 400ਵੇਂ ਪ੍ਰਕਾਸ਼ ਉਤਸਵ ਦਾ ਸਾਲ ਹੈ ਜਿਸਨੂੰ ਕਿ ਸਿੱਖ ਸਾਰੇ ਸੰਸਾਰ ਵਿੱਚ ਬੜੀ ਸ਼ਰਧਾ ਅਤੇ ਪਿਆਰ ਨਾਲ਼ ਮਨਾ ਰਹੇ ਹਨ। ਉਹਨਾਂ ਦੇ ਜੀਵਨ ਬਾਰੇ ਬਹੁਤ ਸਾਰੇ ਲੇਖ ਲਿਖੇ ਜਾ ਚੁੱਕੇ ਹਨ ਅਤੇ ਭਾਸ਼ਨ ਦਿੱਤੇ ਜਾ ਚੁੱਕੇ ਹਨ। ਸੋ ਇਸ ਲੇਖ ਵਿੱਚ ਅਸੀਂ ਉਹਨਾਂ ਦੀ ਮਨੁੱਖਤਾ ਪ੍ਰਤੀ ਉਚੇਚੀ ਦੇਣ ਬਾਰੇ ਵਿਚਾਰ ਕਰਾਂਗੇ ਜੋ ਉਹਨਾਂ ਦੀ ਮਹਾਨ ਪ੍ਰਤਿਭਾ ਨੂੰ ਉਜਾਗਰ ਕਰੇ। ਇਸ ਸਬੰਧ ਵਿੱਚ ਉਹਨਾਂ ਦੇ ਹੇਠ ਲਿਖੇ ਮਹਾਨ ਦੈਵੀ ਗੁਣਾਂ ਅਤੇ ਕਾਰਜਾਂ ਬਾਰੇ ਵਿਚਾਰ ਕੀਤੀ ਜਾਵੇਗੀ।

1. ਤੇਗ ਦੇ ਧਨੀ ਪਰ ਬੇਹੱਦ ਨਿਰਮਾਣਤਾ। ਆਪਣੇ ਹੰਕਾਰ ਦੀ ਨਵਿਰਤੀ ਕਰਨ ਅਤੇ ਦੂਸਰਿਆਂ ਵੱਲੋਂ ਸਤਿਕਾਰ ਅਤੇ ਅਪਮਾਨ ਨੂੰ ਕੋਈ ਮਹਾਨਤਾ ਨਾ ਦੇਣ ਦੀ ਸਿੱਖਿਆ।
2. ਸੰਸਾਰਿਕ ਪਦਾਰਥਾਂ ਵੱਲੋਂ ਨਿਰਲੇਪਤਾ। ਸਬਰ, ਮਨ ਦੀ ਸੰਤੁਸ਼ਟੀ, ਅਤੇ ਕੋਈ ਸ਼ਿਕਾਇਤ ਨਹੀਂ।
3. ਨਾ ਡਰਨਾ ਨਾ ਕਿਸੇ ਨੂੰ ਡਰਾਉਣਾ।
4. ਅਕਾਲਪੁਰਖ ਨੂੰ ਸਦਾ ਯਾਦ ਰੱਖਣਾ ਅਤੇ ਉਸਦਾ ਭਾਣਾ ਖਿੜੇ ਮੱਥੇ ਮੰਨਣਾ।
5. ਦੂਸਰਿਆਂ ਦੇ ਹੱਕਾਂ ਲਈ ਕੁਰਬਾਨ ਹੋ ਜਾਣਾ।

### ਤੇਗ ਦੇ ਧਨੀ ਪਰ ਬੇਹੱਦ ਨਿਰਮਾਣਤਾ ਦੀ ਸਿੱਖਿਆ

ਜਦੋਂ ਗੁਰੂ ਹਰਿਗੋਬਿੰਦ ਸਾਹਿਬ ਕਰਤਾਰਪੁਰ ਵਿਖੇ ਠਹਿਰੇ ਹੋਏ ਸਨ ਤਾਂ ਸੰਨ 1634 ਵਿੱਚ ਪੈਂਦੇ ਖਾਨ ਨੇ, ਜਿਸਨੂੰ ਕਿ ਗੁਰੂ ਸਾਹਿਬ ਨੇ ਆਪ ਪਾਲ਼ਿਆ ਸੀ, ਅਤੇ ਉੱਚੀ ਪਦਵੀ ਬਖ਼ਸ਼ੀ ਸੀ, ਲਾਹੌਰ ਦੇ ਸੂਬੇਦਾਰ ਨਾਲ਼ ਮਿਲ ਕੇ ਗੁਰੂ ਸਾਹਿਬ ਤੇ ਹਮਲਾ ਕਰ ਦਿੱਤਾ, ਉਸ ਵੇਲੇ ਗੁਰੂ ਤੇਗ ਬਹਾਦਰ ਸਾਹਿਬ (ਬਚਪਨ ਦਾ ਨਾਮ ਸਾਹਿਬਜ਼ਾਦਾ

ਤਿਆਗ ਮੱਲ) ਗੁਰੂ ਸਾਹਿਬ ਦੇ ਨਾ਼ਲ ਸਨ ਅਤੇ ਉਹਨਾਂ ਦੀ ਉਮਰ ਕੇਵਲ 13 ਸਾਲ ਦੀ ਸੀ (1)। ਇੰਨੀ ਛੋਟੀ ਉਮਰ ਦੇ ਬਾਵਜੂਦ ਵੀ ਤਿਆਗ ਮੱਲ ਜੀ ਨੇ ਇਸ ਯੁੱਧ ਵਿੱਚ ਬਹਾਦਰੀ ਦੇ ਉਹ ਜੌਹਰ ਵਿਖਾਏ ਕਿ ਗੁਰੂ ਹਰਿਗੋਬਿੰਦ ਸਾਹਿਬ ਬਹੁਤ ਪ੍ਰਸੰਨ ਹੋਏ ਅਤੇ ਉਹਨਾਂ ਨੂੰ ਤੇਗ ਬਹਾਦਰ ਕਹਿ ਕੇ ਸਤਿਕਾਰਿਆ। ਇਸ ਤੋਂ ਪਿੱਛੋਂ ਉਹਨਾਂ ਦਾ ਨਾਮ ਹੀ ਤੇਗ ਬਹਾਦੁਰ ਪੈ ਗਿਆ।

ਇਸ ਬਹਾਦਰੀ ਦੇ ਉਪ੍ਰੰਤ ਵੀ ਗੁਰੂ ਤੇਗ ਬਹਾਦੁਰ ਸਾਹਿਬ ਬਹੁਤ ਨਿਰਮਾਣ ਸਨ ਅਤੇ ਉਹਨਾਂ ਵੱਲੋਂ ਕਿਸੇ ਨਾ਼ਲ ਵਧੀਕੀ ਕਰਨ ਦਾ ਤਾਂ ਸੁਆਲ ਹੀ ਪੈਦਾ ਨਹੀਂ ਸੀ ਹੋ ਸਕਦਾ, ਸਗੋਂ ਆਪ ਹਰ ਦੁਖੀ ਦਾ ਦੁੱਖ ਹਰਦੇ ਸਨ। ਜਦ ਉਹ 1675 ਵਿੱਚ, ਕੁਰਬਾਨੀ ਦੇਣ ਲਈ ਅਨੰਦਪੁਰ ਤੋਂ ਦਿੱਲੀ ਜਾ ਰਹੇ ਸਨ, ਤਾਂ ਜਿਹੜੇ ਪਿੰਡ ਠਹਿਰਦੇ, ਉਥੋਂ ਦੇ ਲੋਕਾਂ ਦੀਆਂ ਤਕਲੀਫ਼ਾਂ ਸੁਣ ਕੇ ਉਹਨਾਂ ਨੂੰ ਦੂਰ ਕਰਦੇ। ਪਿੰਡ ਮਾਲੋਵਾਲ ਵਿੱਚ ਪਾਣੀ ਦੇ ਖੂਹ ਖਾਰੇ ਸਨ, ਜਦ ਲੋਕਾਂ ਸ਼ਿਕਾਇਤ ਕੀਤੀ, ਤਾਂ ਗੁਰੂ ਸਾਹਿਬ ਨੇ ਉਹਨਾਂ ਨੂੰ ਵਾਹਿਗੁਰੂ ਦਾ ਜਾਪ ਕਰਕੇ ਪਾਣੀ ਕੱਢਣ ਦੀ ਸਿੱਖਿਆ ਦਿੱਤੀ ਜਿਸ ਨਾਲ ਉਥੋਂ ਦੇ ਖੂਹਾਂ ਦਾ ਪਾਣੀ ਮਿੱਠਾ ਹੋ ਗਿਆ। ਪਿੰਡ ਹੰਢਾਇਆ ਵਿੱਚ ਬਹੁਤ ਸਾਰੇ ਲੋਕ ਬੁਖ਼ਾਰ ਨਾਲ ਮਰ ਰਹੇ ਸਨ। ਗੁਰੂ ਸਾਹਿਬ ਨੇ ਆਪਣੇ ਆਸ਼ੀਰਵਾਦ ਨਾ਼ਲ ਉਥੋਂ ਦੇ ਲੋਕਾਂ ਨੂੰ ਸਿਹਤ ਬਖਸ਼ੀ (2)। ਉਹਨਾਂ ਦੀਆਂ ਉਦਾਰਤਾ ਦੀਆਂ ਅਜਿਹੀਆਂ ਹੋਰ ਬਹੁਤ ਸਾਰੀਆਂ ਉਦਾਹਰਣਾਂ ਹਨ।

ਗੁਰੂ ਤੇਗ ਬਹਾਦੁਰ ਸਾਹਿਬ ਬਾਰੇ ਪ੍ਰੋ ਪੂਰਨ ਸਿੰਘ (3) ਲਿਖਦੇ ਹਨ, “ਗੁਰੂ ਸਾਹਿਬ ਦਾ ਦਿਲ ਇੰਨਾ ਕੋਮਲ ਸੀ ਕਿ ਉਹ ਕਿਸੇ ਦੁਖੀ ਨੂੰ ਨਹੀਂ ਵੇਖ ਸਕਦੇ ਸਨ। ਉਹਨਾਂ ਦੀਆਂ ਰਚਨਾਵਾਂ ਲੋਕਾਂ ਦੇ ਦਰਦ ਵਿੱਚ ਵਹਾਏ ਗਏ ਉਹ ਅੱਥਰੂ ਹਨ ਜਿਹੜੇ ਕਿ ਉਹਨਾਂ ਦੇ ਖ਼ਾਮੋਸ਼ ਹਿਰਦੇ ਦੀ ਹੂਕ ਹਨ”।

ਮੈਕਾਲਿਫ਼ ਲਿਖਦੇ ਹਨ ਕਿ ਜਦ ਗੁਰੂ ਸਾਹਿਬ 1669-70 ਵਿੱਚ ਆਸਾਮ ਦਾ ਦੌਰੇ ਦੌਰਾਨ ਧੁਬੜੀ ਠਹਿਰੇ ਹੋਏ ਸਨ, ਤਾਂ ਆਸਾਮ ਦਾ ਰਾਜਾ, ਰਾਮ ਰਾਇ, ਜਿਸ ਦਾ ਕਿ ਕੋਈ ਪੁੱਤਰ ਨਹੀਂ ਸੀ, ਆਪਣੀਆ ਦੋ ਰਾਣੀਆਂ ਸਮੇਤ ਗਰੁ ਸਾਹਿਬ ਦੇ ਦਰਸ਼ਨਾਂ ਨੂੰ ਆਇਆ। ਉਸ ਦੀ ਖ਼ਾਹਿਸ਼ ਸੀ ਕਿ ਗੁਰੂ ਸਾਹਿਬ ਉਸਨੂੰ ਪੁੱਤਰ ਦੀ ਦਾਤ ਬਖਸ਼ਣ, ਪਰ ਉਹ ਝਿਜਕਦਾ ਰਿਹਾ ਅਤੇ ਗੁਰੂ ਸਾਹਿਬ ਸਾਹਮਣੇ ਆਪਣੀ ਇੱਛਾ ਪ੍ਰਗਟ ਨਾ ਕਰ ਸਕਿਆ। ਗੁਰੂ ਸਾਹਿਬ ਉਸਦੀ ਇੱਛਾ ਨੂੰ ਸਮਝ ਗਏ ਸਨ, ਅਤੇ ਉਹਨਾਂ ਨੇ ਰਾਜੇ ਨੂੰ ਕਿਹਾ ਕਿ ਗੁਰੂ ਨਾਨਕ ਸਾਹਿਬ ਦੀ ਮਿਹਰ ਸਦਕਾ ਉਸਦੇ ਘਰ ਇੱਕ ਪੁੱਤਰ ਜਨਮ ਲਵੇਗਾ। ਭਾਈ ਵੀਰ ਸਿੰਘ (4) ਨੇ ਵੀ ਇਹੋ ਹੀ ਸਾਖੀ ਲਿਖੀ ਹੈ ਅਤੇ ਰਾਜੇ ਦੇ ਪੁੱਤਰ ਦਾ ਨਾਮ ਰਤਨ ਰਾਇ ਲਿਖਿਆ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਅਨੰਦਪੁਰ ਸਾਹਿਬ ਗਿਆ ਸੀ।

## ਲੇਖ: ਡਾ. ਦੇਵਿੰਦਰ ਸਿੰਘ ਸੇਖੋਂ

ਅਜਿਹੇ ਦਇਆਵਾਨ ਸਨ ਗੁਰੂ ਤੇਗ ਬਹਾਦੁਰ ਸਾਹਿਬ।

**ਸਿੱਖਿਆ** ਆਪਣੀ ਨਿਰਮਾਣਤਾ ਦੇ ਨਾਲ਼ ਨਾਲ਼ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਆਪਣਾ ਹੰਕਾਰ ਤਿਆਗਣ, ਅਤੇ ਲੋਕਾਂ ਵੱਲੋ ਸਨਮਾਨ ਜਾਂ ਅਪਮਾਨ ਵਾਲੇ ਸਲੂਕ ਨੂੰ ਕੋਈ ਮਹਾਨਤਾ ਨਾ ਦੇਣ ਦੀ ਵੀ ਸਿੱਖਿਆ ਦਿੱਤੀ। ਇਸ ਸਬੰਧ ਵਿੱਚ ਉਹਨਾਂ ਦੇ ਬਹੁਤ ਸਾਰੇ ਸ਼ਬਦ ਵੀ ਹਨ।

- ਗਉੜੀ ਮਹਲਾ 9 ਸਾਧੋ ਮਨ ਕਾ ਮਾਨੁ ਤਿਆਗਉ। ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸ ਭਾਗਉ। 1॥ ਰਹਾਉ॥ ਸੁਖ ਦੁਖ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥ ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥



ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ, ਦਿੱਲੀ

- ਧਨਾਸਰੀ ਮਹਲਾ 9 (685)॥ ਤਿਹ ਜੋਗੀ ਕਉ ਜੁਗਤਿ (ਜੀਵਨ ਜਾਚ) ਨ ਜਾਨਉ॥ ਲੋਭ ਮੋਹ ਮਾਇਆ ਮਮਤਾ ਫੁਨਿ (ਅਤੇ) ਜਿਹ ਘਟਿ ਮਾਹਿ ਪਛਾਨਉ॥ 1॥ ਰਹਾਉ॥ ਪਰ ਨਿੰਦਾ ਉਸਤਤਿ ਨਹ ਜਾ ਕੈ ਕੰਚਨ (ਸੋਨਾ) ਲੋਹ ਸਮਾਨੋ॥ ਹਰਖ (ਖ਼ੁਸ਼ੀ) ਸੋਗ ਤੇ ਰਹੈ ਅਤੀਤਾ ਜੋਗੀ ਤਾਹਿ ਬਖਾਨੋ॥
- ਸਲੋਕ ਮਹਲਾ 9 (1428)॥ ਸੁਖ ਦੁਖ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ॥ ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ॥ 13॥

**ਸੰਸਾਰਿਕ ਪਦਾਰਥਾਂ ਵੱਲੋਂ ਨਿਰਲੇਪਤਾ**

ਮੈਕਾਲਿਫ਼ ਲਿਖਦੇ ਹਨ ਕਿ ਤਿਆਗ ਮੱਲ (ਪਿੱਛੋਂ ਗੁਰੂ ਤੇਗ ਬਹਾਦੁਰ ਸਾਹਿਬ) ਜਦ ਪੰਜ ਕੁ ਸਾਲ ਦੇ ਹੋਏ ਤਾਂ ਉਹ ਕਿਸੇ ਨਾਲ ਵੀ ਬਹੁਤ ਘੱਟ ਬੋਲਦੇ ਸਨ, ਅਤੇ ਇਕੱਲੇ ਹੀ ਆਪਣੇ ਵਿਚਾਰਾਂ ਵਿੱਚ ਮਗਨ ਰਹਿੰਦੇ ਸਨ। 1634 ਵਿੱਚ ਪੈਂਦੇ ਖ਼ਾਨ ਨਾਲ਼ ਯੁੱਧ ਤੋਂ ਪਿੱਛੋਂ ਗੁਰੂ ਹਰਿਗੋਬਿੰਦ ਸਾਹਿਬ ਆਪ ਤਾਂ ਕੀਰਤ ਪੁਰ ਚਲੇ ਗਏ, ਪਰ ਤੇਗ ਬਹਾਦੁਰ ਸਾਹਿਬ ਨੂੰ ਉਹਨਾਂ ਦੀ ਮਾਤਾ (ਨਾਨਕੀ ਜੀ), ਅਤੇ ਪਤਨੀ (ਗੁਜਰੀ ਜੀ) ਸਮੇਤ, ਪਿੰਡ ਬਕਾਲੇ ਘੱਲ ਦਿੱਤਾ। ਤੇਗ ਬਹਾਦੁਰ ਸਾਹਿਬ ਉਥੇ ਵੀ 1664 ਤੱਕ ਦੁਨੀਆਂ ਤੋਂ ਨਿਰਲੇਪ ਇਕਾਂਤ ਵਿੱਚ ਹੀ ਸਮਾਂ ਬਿਤਾਉਂਦੇ ਸਨ, ਅਤੇ ਉਹਨਾਂ ਦਾ

## ਲੇਖ: ਡਾ. ਦੇਵਿੰਦਰ ਸਿੰਘ ਸੇਖੋਂ

ਅਧਿਕ ਸਮਾਂ ਵਾਹਿਗੁਰੂ ਦਾ ਨਾਮ ਜੱਪਣ ਵਿੱਚ ਹੀ ਬਤੀਤ ਹੁੰਦਾ। ਜਦ ਮਾਰਚ, 1664 ਵਿੱਚ ਗੁਰੂ ਹਰਿ ਕ੍ਰਿਸ਼ਨ ਸਾਹਿਬ ਦਿੱਲੀ ਵਿਖੇ ਚੇਚਕ ਦੇ ਰੋਗੀਆਂ ਦੀ ਸੇਵਾ ਕਰਦਿਆਂ ਅੱਠ ਸਾਲ ਦੀ ਉਮਰ ਵਿੱਚ ਹੀ ਆਪਣੇ ਕੋਮਲ ਸਰੀਰ ਦੀ ਕੁਰਬਾਨੀ ਦੇ ਗਏ (ਮੈਂ ਤਾਂ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੀ ਮਹਾਨ ਕੁਰਬਾਨੀ ਨੂੰ ਇੱਕ ਲਾਸਾਨੀ ਸ਼ਹਾਦਤ ਹੀ ਮੰਨਦਾ ਹਾਂ), ਅਤੇ ਬੁਖ਼ਾਰ ਦੀ ਘੂਕੀ ਵਿੱਚ ਕੇਵਲ ਇੰਨਾ ਹੀ ਕਹਿ ਸਕੇ ਕਿ "ਗੁਰੂ ਬਾਬਾ, ਬਕਾਲੇ", ਤਾਂ 22 ਸੋਢੀ ਸਾਹਿਬਜ਼ਾਦਿਆਂ ਨੇ ਆਪਣੇ ਆਪ ਨੂੰ ਗੁਰਗੱਦੀ ਦਾ ਵਾਰਸ ਦੱਸ ਕੇ ਪਿੰਡ ਬਕਾਲੇ ਜਾ ਡੇਰੇ ਲਾਏ। ਇਹਨਾਂ ਸਾਰਿਆਂ ਵਿੱਚੋਂ ਧੀਰ ਮੱਲ ਨੇ, ਜੋ ਕਿ ਬਾਬਾ ਗੁਰਦਿੱਤਾ ਜੀ ਦੇ ਵੱਡਾ ਪੁੱਤ੍ਰ ਅਤੇ ਗੁਰੂ ਹਰਿ ਗੋਬਿੰਦ ਸਾਹਿਬ ਦਾ ਪੋਤਰਾ ਸੀ, ਸਭ ਤੋਂ ਵੱਧ ਹੱਕ ਜਮਾਇਆ। ਉਸਨੂੰ ਇਸ ਗੱਲ ਦਾ ਬਹੁਤ ਮਾਣ ਅਤੇ ਸੰਤੁਸ਼ਟੀ ਸੀ ਕਿ ਗੁਰੂ ਗਰੰਥ ਸਾਹਿਬ ਦੀ ਇਕਲੌਤੀ ਪਾਵਨ ਬੀੜ ਵੀ ਓਸਦੇ ਕੋਲ ਸੀ। ਉਸਨੂੰ ਕੁਝ ਮੌਕਾ ਪ੍ਰਸਤ ਮਸੰਦਾਂ ਅਤੇ ਕੁਝ ਕੁ ਸਿੱਖਾਂ ਦੀ ਵੀ ਹਮਾਇਤ ਪ੍ਰਾਪਤ ਸੀ। ਭਾਵੇਂ ਤੇਗ ਬਹਾਦੁਰ ਸਾਹਿਬ ਹੀ ਇਕੱਲੇ ਸੋਢੀ ਸਾਹਿਬਜ਼ਾਦਾ ਸਨ ਜੋ ਢੇਰ ਚਿਰ ਤੋਂ ਬਕਾਲੇ ਰਹਿ ਰਹੇ ਸਨ, ਪਰ ਉਹਨਾਂ ਨੇ ਗੁਰਗੱਦੀ ਤੇ ਆਪਣਾ ਕੋਈ ਹੱਕ ਨਹੀਂ ਜਤਾਇਆ ਸੀ। ਇਹ ਉਹਨਾਂ ਦੀ ਨਿਰਮਾਣਤਾ, ਅਤੇ ਦੁਨਿਆਵੀ ਪਦਾਰਥਾਂ ਵੱਲੋਂ ਨਿਰਲੇਪਤਾ ਦੀ ਹੱਦ ਸੀ।

ਇਹ ਅਗਸਤ 1664 ਦੀ ਘਟਨਾ ਹੈ ਜਦੋਂ ਕਿ ਗੁਰੂ ਨਾਨਕ ਘਰ ਦੇ ਸ਼ਰਧਾਲੂ ਸਿੱਖ ਅਤੇ ਵਪਾਰੀ, ਭਾਈ ਮੱਖਣ ਸ਼ਾਹ ਲੁਬਾਣੇ ਨੇ ਆ ਕੇ ਗੁਰੂ ਸਾਹਿਬ ਨੂੰ ਪਛਾਣਿਆ, ਅਤੇ ਸ੍ਰੀ ਤੇਗ ਬਹਾਦੁਰ ਸਾਹਿਬ ਨੂੰ ਗੁਰੂ ਨਾਨਕ ਦੀ ਗੱਦੀ ਦਾ ਅਸਲੀ ਹੱਕਦਾਰ ਸਾਬਤ ਕੀਤਾ। ਜਦ ਦਿੱਲੀ ਤੋਂ ਆਈ ਸੰਗਤ ਅਤੇ ਬਾਕੀ ਸਿੱਖਾਂ ਨੇ ਗੁਰੂ ਸਾਹਿਬ ਨੂੰ ਪੂਰੀ ਮਾਨਤਾ ਦੇ ਕੇ ਗੁਰਗੱਦੀ ਤੇ ਬਿਰਾਜਣ ਦੀ ਬੇਨਤੀ ਕੀਤੀ ਤਾਂ ਧੀਰਮੱਲ ਨੂੰ ਛੱਡ ਕੇ ਗੁਰਗੱਦੀ ਦੇ ਬਾਕੀ ਇੱਕੀ ਦਾਅਵੇਦਾਰ ਬਕਾਲਾ ਛੱਡ ਕੇ ਦੌੜ ਗਏ, ਪਰ ਧੀਰਮੱਲ ਹੋਰ ਈਰਖਾ ਵਿੱਚ ਆ ਗਿਆ ਪ੍ਰੋ: ਸਾਹਿਬ ਸਿੰਘ ਅਨੁਸਾਰ ਧੀਰਮੱਲ ਦੇ ਮਸੰਦ, ਸ਼ੀਹਾਂ ਨੇ, ਗੁਰੂ ਸਾਹਿਬ ਉੱਤੇ ਗੋਲੀ ਦਾ ਵਾਰ ਵੀ ਕੀਤਾ ਜੋ ਕਿ ਨਿਸ਼ਾਨੇ ਤੋਂ ਖੁੰਝ ਗਿਆ ਅਤੇ ਗੁਰੂ ਸਾਹਿਬ ਵਾਲ਼ ਵਾਲ਼ ਬਚ ਗਏ।

▪ ਸੁਖਮਨੀ (281)॥ ਮਾਰੈ ਰਾਖੈ ਏਕੋ ਆਪਿ॥ ਮਾਨੁਖ ਕੈ ਕਿਛੁ ਨਾਹੀ ਹਾਥਿ॥

ਪਰ ਧੀਰਮੱਲ ਦੇ ਸਾਥੀਆਂ ਨੇ ਗੁਰੂ ਸਾਹਿਬ ਦਾ ਸਾਰਾ ਧਨ ਮਾਲ ਲੁੱਟ ਲਿਆ। ਗੁਰੂ ਸਾਹਿਬ ਨੇ ਨਾ ਤਾਂ ਆਪਣੇ ਉੱਤੇ ਕੀਤੇ ਜਾਨ-ਲੇਵਾ ਹਮਲੇ ਬਾਰੇ, ਅਤੇ ਨਾ ਹੀ ਆਪਣੇ ਲੁੱਟੇ ਹੋਏ ਮਾਲ ਬਾਰੇ ਕੋਈ ਸ਼ਿਕਾਇਤ ਕੀਤੀ, ਅਤੇ ਸ਼ਾਂਤ ਚਿੱਤ ਰਹੇ। ਜਦ ਭਾਈ ਮੱਖਣ ਸ਼ਾਹ ਲੁਬਾਣੇ ਨੂੰ ਇਸ ਮੰਦਭਾਗੀ ਘਟਨਾ ਬਾਰੇ ਪਤਾ ਲੱਗਾ ਤਾਂ ਉਸ ਨੇ ਆਪਣੇ ਸਾਥੀਆਂ ਦੀ ਮਦਦ ਨਾਲ਼ ਨਾ ਕੇਵਲ ਉਸ ਦੁਆਰਾ ਲੁੱਟਿਆ ਹੋਇਆ ਸਾਰਾ ਮਾਲ ਹੀ

ਵਾਪਸ ਲਿਆ, ਸਗੋਂ ਉਸਦਾ ਵੀ ਕੁਝ ਮਾਲ ਖੋਹ ਲਿਆ, ਅਤੇ ਗੁਰੂ ਗਰੰਥ ਸਾਹਿਬ ਦੀ ਪਾਵਨ ਬੀੜ ਤੇ ਵੀ ਕਬਜ਼ਾ ਕਰ ਲਿਆ। ਪਰ ਗੁਰੂ ਸਾਹਿਬ ਨੇ ਧੀਰਮੱਲ ਪਾਸੋਂ ਵਾਪਸ ਲਿਆਂਦਾ ਸਾਰਾ ਮਾਲ, ਜਿਸ ਵਿੱਚ ਗੁਰੂ ਸਾਹਿਬ ਦਾ ਲੁੱਟਿਆ ਹੋਇਆ ਮਾਲ ਵੀ ਸ਼ਾਮਿਲ ਸੀ, ਪਾਵਨ ਬੀੜ ਸਮੇਤ ਵਾਪਸ ਕਰਵਾ ਦਿੱਤਾ। ਈਰਖਾਲੂਆਂ ਤੋਂ ਦੂਰ ਰਹਿਣ ਦੀ ਖ਼ਾਤਿਰ ਗੁਰੂ ਸਾਹਿਬ ਬਕਾਲੇ ਨੂੰ ਛੱਡ ਕੇ ਕੀਰਤਪੁਰ ਚਲੇ ਗਏ, ਪਰ ਉਥੇ ਵੀ ਈਰਖਾਲੂਆਂ ਨੇ ਉਹਨਾਂ ਨੂੰ ਚੈਨ ਨਾਲ਼ ਨਹੀਂ ਰਹਿਣ ਦਿੱਤਾ, ਜਿਸ ਕਾਰਨ ਗੁਰੂ ਸਾਹਿਬ ਨੇ ਕਹਿਲੂਰ ਦੇ ਰਾਜੇ ਕੋਲੋਂ ਇੱਕ ਥੇਹ ਖਰੀਦ ਕੇ ਆਪਣਾ ਹੀ ਨਗਰ ਆਬਾਦ ਕਰ ਲਿਆ ਜਿਸ ਦਾ ਨਾਮ ਉਹਨਾਂ ਨੇ ਆਪਣੀ ਮਾਤਾ ਦੇ ਨਾਮ ਤੇ ਚੱਕ ਨਾਨਕੀ ਰੱਖਿਆ।

**ਨਾ ਡਰਨਾ ਨਾ ਕਿਸੇ ਨੂੰ ਡਰਾਉਣਾ। ਜੀਉ ਅਤੇ ਹੋਰਨਾ ਨੂੰ ਜੀਊਣ ਦਿਉ**

ਜੀਵਨ ਦੇ ਪੰਧ ਵਿੱਚ ਗੁਰੂ ਸਾਹਿਬ ਦਾ ਇਹ ਸਿਧਾਂਤ ਉਹਨਾਂ ਦੀ ਆਪਣੀ ਪਾਵਣ ਬਾਣੀ ਵਿੱਚੋਂ ਹੀ ਉਜਾਗਰ ਹੁੰਦਾ ਹੈ।

- ਸਲੋਕ ਮਹਲਾ 9 (1427 ) ਭੈ ਕਾਹੂ ਕਉ ਦੇਤਿ ਨਹਿ ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥ 16॥
- ਸੋਰਠਿ ਮਹਲਾ 9 ਜੋ ਨਰੁ ਦੁਖ ਮਹਿ ਦੁਖੁ ਨਹੀ ਮਾਨੈ॥ ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥ 3॥11॥

ਗੁਰੂ ਸਾਹਿਬ ਦੇ ਜੀਵਨ ਵਿੱਚ ਕਿਸੇ ਕੋਲੋਂ ਵੀ ਨਾ ਡਰਨ ਦੀਆਂ ਬਹੁਤ ਘਟਨਾਵਾਂ ਹਨ। 1634 ਵਿੱਚ ਕਰਤਾਰਪੁਰ ਦੇ ਯੁੱਧ ਵਿੱਚ ਜਦੋਂ ਕਿ ਆਪ ਅਜੇ ਕੇਵਲ 13 ਸਾਲ ਦੇ ਹੀ ਸਨ ਅਤੇ ਪੈਂਦੇ ਖਾਨ ਨੇ, ਜਿਹੜਾ ਕਿ ਆਪ ਬਹੁਤ ਵੱਡਾ ਯੋਧਾ ਸੀ, ਮੁਗਲ ਸੈਨਾ ਦੇ ਬਹਾਦੁਰ ਜਰਨੈਲ ਕਾਲ਼ੇ ਖਾਨ ਦੀ ਕਮਾਨ ਹੇਠ ਗੁਰੂ ਹਰਿਗੋਬਿੰਦ ਸਾਹਿਬ ’ਤੇ ਹਮਲਾ ਕਰ ਦਿੱਤਾ, ਉਸ ਦੀਆਂ ਫੌਜਾਂ ਕੋਲੋਂ ਡਰਨਾ ਤਾਂ ਦੂਰ ਦੀ ਗੱਲ, ਆਪ ਬਹੁਤ ਦਲੇਰੀ ਨਾਲ ਲੜੇ ਅਤੇ ਮੁਗਲ ਸੈਨਾ ਨੂੰ ਕਰਾਰੀ ਹਾਰ ਦਿੱਤੀ। ਹੰਕਾਰੀ ਪੈਂਦੇ ਖਾਨ ਮਾਰਿਆ ਗਿਆ।

ਸ਼ਹੀਦੀ ਦੇਣ ਤੋਂ ਪਹਿਲਾਂ ਜਦ ਆਪ ਔਰੰਗਜ਼ੇਬ ਦੀ ਕੈਦ ਵਿੱਚ ਸਨ, ਤਾਂ ਉਸਨੇ ਗੁਰੂ ਜੀ ਨੂੰ ਇਸਲਾਮ ਕਬੂਲਣ ਲਈ ਬਹੁਤ ਸਾਰੇ ਲਾਲਚ ਦਿੱਤੇ ਅਤੇ ਫ਼ੇਰ ਡਰਾਵੇ ਵੀ। ਭਾਵੇਂ ਭਾਈ ਮਤੀ ਦਾਸ ਜੀ ਨੂੰ ਬੇਬੁਨਿਆਦ ਸਜ਼ਾ ਦੇਣ ਦੇ ਹੋਰ ਵੀ ਬੜੇ ਢੰਗ ਸਨ, ਪਰ ਉਸਨੇ ਗੁਰੂ ਸਾਹਿਬ ਨੂੰ ਡਰਾਉਣ ਲਈ ਅਤੇ ਉਹਨਾਂ ਦਾ ਮਨੋਬਲ ਡੇਗਣ ਲਈ ਭਾਈ ਮਤੀ ਦਾਸ ਜੀ ਨੂੰ ਉਹਨਾਂ ਦੀਆਂ ਅੱਖਾਂ ਦੇ ਸਾਹਮਣੇ ਆਰੇ ਨਾਲ਼ ਚਿਰਵਾਇਆ, ਅਤੇ ਭਾਈ ਦਿਆਲਾ ਜੀ ਨੂੰ ਪਾਣੀ ਦੀ ਦੇਗ ਵਿੱਚ ਉਬਾਲਿਆ

ਗਿਆ। ਦੋਵਾਂ ਪਿਆਰੇ ਸਿੱਖਾਂ ਦੀਆਂ ਇਹ ਮਹਾਨ ਕੁਰਬਾਨੀਆਂ ਨੇ ਗੁਰੂ ਸਾਹਿਬ ਦੇ ਕੋਮਲ ਮਨ ’ਤੇ ਗਹਿਰਾ ਪ੍ਰਭਾਵ ਤਾਂ ਪਾਇਆ, ਪਰ ਔਰੰਗਜ਼ੇਬ ਗੁਰੂ ਸਾਹਿਬ ਦਾ ਮਨੋ ਬਲ ਨਾ ਡੇਗ ਸਕਿਆ। ਆਪ ਪੂਰੀ ਤਰ੍ਹਾਂ ਅਡੋਲ ਚਿੱਤ ਰਹੇ।

ਔਰੰਗਜ਼ੇਬ ਨੂੰ ਕਰਾਮਾਤਾਂ ਵੇਖਣ ਦਾ ਬਹੁਤ ਸ਼ੌਕ ਸੀ। ਗੁਰੂ ਹਰਿ ਰਾਇ ਸਾਹਿਬ ਦੇ ਸਮੇਂ ਜਦ ਔਰੰਗਜ਼ੇਬ ਨੇ ਉਹਨਾਂ ਨੂੰ ਮਿਲਣ ਲਈ ਉਹਨਾਂ ਨੂੰ ਦਿੱਲੀ ਸੱਦਿਆ ਸੀ, ਤਾਂ ਗੁਰੂ ਸਾਹਿਬ ਨੇ ਆਪਣੇ ਵੱਡੇ ਸਪੁੱਤਰ ਰਾਮ ਰਾਇ ਨੂੰ ਦਿੱਲੀ ਭੇਜਿਆ। ਗੁਰੂ ਸਾਹਿਬ ਦੇ ਸਖ਼ਤ ਵਰਜਣ ਤੇ ਵੀ ਬਾਦਸ਼ਾਹ ਨੂੰ ਖ਼ੁਸ਼ ਕਰਨ ਲਈ ਰਾਮ ਰਾਇ ਨੇ ਕਰਾਮਾਤਾਂ ਦਾ ਮੀਂਹ ਵਰ੍ਹਾ ਦਿੱਤਾ ਜਿਸ ਤੇ ਖ਼ੁਸ਼ ਹੋ ਕੇ ਬਾਦਸ਼ਾਹ ਨੇ ਉਸਨੂੰ ਡੇਹਰਾਦੂਨ ਇੱਕ ਵੱਡੀ ਜਾਗੀਰ ਦਿੱਤੀ। ਬਾਦਸ਼ਾਹ ਨੂੰ ਪੂਰਾ ਨਿਸਚਾ ਸੀ ਕਿ ਗੁਰੂ ਤੇਗ ਬਹਾਦੁਰ ਸਾਹਿਬ ਵੀ ਬਹੁਤ ਕਰਾਮਾਤਾਂ ਦੇ ਮਾਲਕ ਸਨ, ਸੋ ਗੁਰੂ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਉਸਨੇ ਉਹਨਾਂ ਸਾਹਵੇਂ ਤਿੰਨ ਸ਼ਰਤਾਂ ਰੱਖੀਆਂ। (1) ਇਸਲਾਮ ਪਰਵਾਨ ਕਰ ਲਵੋ। (2) ਕੋਈ ਕਰਾਮਾਤ ਵਿਖਾਉ। (3) ਮਰਨ ਲਈ ਤਿਆਰ ਹੋ ਜਾਉ। ਗੁਰੂ ਸਾਹਿਬ ਚਾਹੁੰਦੇ ਤਾਂ ਕੋਈ ਕਰਾਮਾਤ ਵਿਖਾ ਕੇ ਬਾਦਸ਼ਾਹ ਨੂੰ ਡਰਾ ਸਕਦੇ ਸਨ ਪਰ ਨਾ ਤਾਂ ਉਹ ਕਿਸੇ ਨੂੰ ਡਰਾਉਣ ਦੇ ਹੱਕ ਵਿੱਚ ਸਨ, ਅਤੇ ਨਾ ਹੀ ਉਹ ਕੋਈ ਕਰਾਮਾਤ ਵਿਖਾਉਣ ਦੇ। ਸਤਿਗੁਰੂ ਨੇ ਇਸਲਾਮ ਤਾਂ ਕਬੂਲ ਕਰਨਾ ਹੀ ਨਹੀਂ ਸੀ, ਅਤੇ ਕਰਾਮਾਤਾਂ ਬਾਰੇ ਉਹਨਾਂ ਨੇ ਇਹ ਕਿਹਾ:

ਨਾਟਕ ਚੇਟਕ ਕੀਏ ਕੁਕਾਜਾ॥ ਪ੍ਰਭ ਲੋਗਨ ਕਉ ਆਵਤ ਲਾਜਾ॥

ਸੋ ਉਹਨਾਂ ਨੇ ਕਰਾਮਤ ਵਿਖਾਉਣ ਤੋਂ ਵੀ ਇਨਕਾਰ ਕਰਕੇ ਇਹ ਸਾਬਤ ਕਰ ਦਿੱਤਾ ਕਿ ਵਾਹਿਗੁਰੂ ਨੂੰ ਛੱਡ ਕੇ ਕੋਈ ਵੀ ਦੁਨਿਆਵੀ ਤਾਕਤ ਉਹਨਾਂ ਨੂੰ ਡਰਾ ਨਹੀਂ ਸਕਦੀ ਸੀ। ਜਦ ਗੁਰੂ ਸਾਹਿਬ ਪੂਰਬੀ ਭਾਰਤ ਦੇ ਦੌਰੇ ’ਤੇ ਨਿਕਲੇ ਅਤੇ ਪਟਨੇ ਠਹਿਰੇ ਹੋਏ ਸਨ ਤਾਂ ਰਾਜਾ ਰਾਮ ਸਿੰਘ, ਜਿਸਨੂੰ ਕਿ ਔਰੰਗਜ਼ੇਬ ਨੇ ਕਾਮਰੂਪ ਦੇ ਰਾਜੇ ਨੂੰ ਹਰਾਉਣ ਲਈ ਭੇਜਿਆ ਸੀ, ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਇਆ ਅਤੇ ਨਾਲ਼ ਹੀ ਬੇਨਤੀ ਕੀਤੀ ਕਿ ਆਪ ਉਸਨੂੰ ਕਾਮਰੂਪ ਦੇ ਰਾਜੇ (ਪ੍ਰਣਪਾਲ) ਤੋਂ ਬਚਾਉਣ ਜਿਸ ਦੀਆਂ ਜਾਦੂਗਰੀ ਸ਼ਕਤੀਆਂ ਤੋਂ ਉਸਨੂੰ ਬਹੁਤ ਡਰ ਆਉਂਦਾ ਹੈ, ਜਿਹਨਾਂ ਕਾਰਨ ਉਸਨੇ ਮੰਨੇ ਪ੍ਰਮੰਨੇ ਸੂਰਬੀਰ ਮੀਰ ਜੁਮਲਾ ਦੀਆਂ ਫੌਜਾਂ ਨੂੰ ਵੀ ਹਾਰ ਦਿੱਤੀ ਸੀ (4,5)। ਗੁਰੂ ਸਾਹਿਬ ਨੇ ਰਾਜਾ ਰਾਮ ਸਿੰਘ ਨੂੰ ਹੌਸਲਾ ਦਿੱਤਾ ਅਤੇ ਜਦ ਆਸਾਮ ਪਹੁੰਚਣ ਤੇ ਕਾਮਰੂਪ ਦੇ ਰਾਜੇ ਅਤੇ ਰਾਜਾ ਰਾਮ ਸਿੰਘ ਵਿੱਚ ਲੜਾਈ ਹੋਣ ਵਾਲ਼ੀ ਸੀ ਤਾਂ ਗੁਰੂ ਸਾਹਿਬ ਨੇ ਵਿੱਚ ਪੈ ਕੇ ਦੋਹਾਂ ਵਿੱਚ ਸਮਝੌਤਾ ਕਰਵਾ ਦਿੱਤਾ। ਅਕਾਲਪੁਰਖ ਨੂੰ ਸਦਾ ਯਾਦ ਰੱਖਣਾ ਅਤੇ ਉਸਦਾ ਭਾਣਾ ਖਿੜੇ ਮੱਥੇ ਮੰਨਣਾ ਜਿਹਾ ਕਿ ਸਤਿਗੁਰੂ ਜੀ ਦੀ

ਪਾਵਨ ਬਾਣੀ ਤੋਂ ਸਪੱਸ਼ਟ ਹੈ ਕਿ ਉਹਨਾਂ ਨੇ ਹਰ ਮਨੁੱਖ ਨੂੰ ਵਾਹਿਗੁਰੂ ਨੂੰ ਸਦਾ ਯਾਦ ਰੱਖਣ ਅਤੇ ਉਸਦਾ ਭਾਣਾ ਮੰਨਣ ਦੀ ਸਿੱਖਿਆ ਦਿੱਤੀ।

- ਗਉੜੀ ਮਹਲਾ 9 ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰ ਮਾਨੁ ਅਪਮਾਨਾ॥ ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥
- ਸਲੋਕ ਮਹਲਾ 9 ਹਰਖ ਸੋਗ ਜਾ ਕੈ ਨਹੀ ਬੈਰੀ ਮੀਤ ਸਮਾਨਿ॥ ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥
- ਸਲੋਕ ਮਹਲਾ 9 ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰ ਨਹੀ ਕੋਇ॥

ਕੇਵਲ ਸਿੱਖਿਆ ਦਿੱਤੀ ਹੀ ਨਹੀਂ, ਸਗੋਂ ਆਪ ਨੇ ਹਰ ਕਦਮ ਤੇ ਵਾਹਿਗੁਰੂ ਦਾ ਭਾਣਾ ਮਿੱਠਾ ਕਰਕੇ ਮੰਨਿਆ। ਜਦ ਗੁਰਗੱਦੀ ਮਿਲਣ ਤੋਂ ਛੇਤੀ ਹੀ ਪਿੱਛੋਂ ਆਪ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਗਏ ਤਾਂ ਵੇਲ਼ੇ ਦੇ ਪੁਜਾਰੀਆਂ ਨੇ ਡਰਦਿਆਂ ਦਰਬਾਰ ਸਾਹਿਬ ਦੇ ਬੂਹੇ ਬੰਦ ਕਰ ਦਿੱਤੇ ਕਿ ਕਿਤੇ ਗੁਰੂ ਸਾਹਿਬ ਹਰਿਮੰਦਰ ਸਾਹਿਬ ’ਤੇ ਕਬਜ਼ਾ ਹੀ ਨਾ ਕਰ ਲੈਣ, ਤਾਂ ਗੁਰੂ ਸਾਹਿਬ ਨੇ ਕੋਈ ਸ਼ਿਕਾਇਤ ਨਾ ਕੀਤੀ, ਅਤੇ ਪਾਵਨ ਸਰੋਵਰ ਵਿੱਚ ਇਸ਼ਨਾਨ ਕਰ ਕੇ ਇੱਕ ਥੜ੍ਹੇ ਤੇ ਬੈਠ ਗਏ। ਭਾਈ ਮੱਖਣ ਸ਼ਾਹ ਲੁਬਾਣਾ ਅਤੇ ਕੁਝ ਸਿੱਖ ਵੀ ਨਾਲ਼ ਸਨ। ਗੁਰੂ ਸਾਹਿਬ ਪ੍ਰਤੀ ਪੁਜਾਰੀਆਂ ਦੇ ਇਸ ਵਰਤਾਉ ਤੇ ਉਹਨਾਂ ਨੂੰ ਬਹੁਤ ਗੁੱਸਾ ਆਇਆ ਪਰ ਗੁਰੂ ਸਾਹਿਬ ਨੇ ਉਹਨਾਂ ਨੂੰ ਸ਼ਾਂਤ ਰਹਿਣ ਲਈ ਕਿਹਾ। ਉਥੋਂ ਚੱਲ ਕੇ ਗੁਰੂ ਸਾਹਿਬ ਨੇ ਵਾਪਸ ਬਕਾਲੇ ਜਾਣ ਦੀ ਤਿਆਰੀ ਕੀਤੀ ਤਾਂ ਰਸਤੇ ਵਿੱਚ ਪਿੰਡ ਵੱਲੇ ਦੀ ਸੰਗਤ ਨੇ ਰੋਕ ਕੇ ਉਹਨਾਂ ਦੀ ਬਹੁਤ ਸੇਵਾ ਕੀਤੀ ਅਤੇ ਪੁਜਾਰੀਆਂ ਨੂੰ ਦੰਡ ਦੇਣ ਲਈ ਗੁਰੂ ਸਾਹਿਬ ਦੀ ਆਗਿਆ ਮੰਗੀ, ਪਰ ਗੁਰੂ ਸਾਹਿਬ ਨੇ ਉਹਨਾਂ ਦਾ ਗੁੱਸਾ ਵੀ ਠੰਢਾ ਕੀਤਾ।

ਜਦ ਗੁਰੂ ਸਾਹਿਬ ਬਕਾਲੇ ਤੋਂ ਕੀਰਤਪੁਰ ਸਾਹਿਬ, ਜਿਹੜਾ ਕਿ ਛੇਵੇਂ ਸਤਿਗੁਰੂ ਜੀ ਤੋਂ ਲੈਕੇ ਹੁਣ ਸਿੱਖੀ ਦਾ ਕੇਂਦਰ ਬਣ ਚੁੱਕਾ ਸੀ, ਪਹੁੰਚੇ ਤਾਂ ਧੀਰਮੱਲ ਨੇ ਆਪਣੀ ਵਿਰੋਧਤਾ ਨਾ ਕੇਵਲ ਜਾਰੀ ਹੀ ਰੱਖੀ, ਸਗੋਂ ਹੋਰ ਵੀ ਵਧਾ ਦਿੱਤੀ। ਗੁਰੂ ਸਾਹਿਬ ਨੇ ਤਾਂ ਵੀ ਮੱਥੇ ਵੱਟ ਨਾ ਪਾਇਆ, ਅਤੇ ਉਥੋਂ ਵੀ ਕੋਈ ਦਸ ਕੁ ਕਿਲੋਮੀਟਰ ਦੀ ਵਿੱਥ ਤੇ ਕਹਿਲੂਰ ਦੇ ਰਾਜੇ ਕੋਲੋਂ ਕੁਝ ਜ਼ਮੀਨ ਖਰੀਦ ਕੇ ਇੱਕ ਨਵੇਂ ਨਗਰ ਦੀ ਨੀਂਹ ਰੱਖ ਦਿੱਤੀ ਜਿਸ ਦਾ ਨਾਮ ਉਹਨਾਂ ਨੇ ਆਪਣੀ ਮਾਤਾ ਜੀ ਦੇ ਨਾਮ ਤੇ ਚੱਕ ਨਾਨਕੀ ਰੱਖਿਆ (ਗੁਰੂ ਗੋਬਿੰਦ ਸਿੰਘ ਜੀ ਪਿੱਛੋਂ ਨਗਰ ਦਾ ਨਾਮ ਅਨੰਦਪੁਰ ਰੱਖ ਦਿੱਤਾ)।

ਸ਼ਹੀਦੀ ਤੋਂ ਪਹਿਲਾਂ ਜਦ ਗੁਰੂ ਸਾਹਿਬ ਦਿੱਲੀ ਵਿੱਚ ਔਰੰਗਜ਼ੇਬ ਦੀ ਕੈਦ ਵਿੱਚ ਸਨ ਤਾਂ ਤਸੀਹੇ ਦੇਣ ਲਈ ਉਹਨਾਂ ਨੂੰ ਇੱਕ ਅਜਿਹੇ ਪਿੰਜਰੇ ਵਿੱਚ ਬੰਦ ਕਰ ਦਿੱਤਾ ਜਿਸ ਵਿੱਚ ਉਹ ਸਿੱਧੇ ਖੜੇ ਵੀ ਨਹੀਂ ਹੋ ਸਕਦੇ ਸਨ ਅਤੇ ਉਸਦੇ ਪਾਸਿਆਂ ਨਾਲ਼ ਤਿੱਖੀਆਂ

ਛੁਰੀਆਂ ਲਾਈਆਂ ਹੋਈਆਂ ਸਨ ਜਿਹਨਾਂ ਕਾਰਨ ਗੁਰੂ ਸਾਹਿਬ ਪਿੰਜਰੇ ਨਾਲ਼ ਢੋਅ ਵੀ ਨਹੀਂ ਲਾ ਸਕਦੇ ਸਨ। ਅਜਿਹੀ ਜ਼ਾਲਮਾਨਾ ਹਾਲਤ ਵੇਖ ਕੇ ਗੁਰੂ ਸਾਹਿਬ ਦੇ ਸਿੱਖ ਭਾਈ ਮਤੀ ਦਾਸ ਜੀ ਨੂੰ ਬਹੁਤ ਗੁੱਸਾ ਆਇਆ, ਪਰ ਗੁਰੁ ਸਾਹਿਬ ਨੇ ਉਹਨਾਂ ਨੂੰ ਵੀ ਸ਼ਾਂਤ ਰਹਿ ਕੇ ਵਾਹਿਗੁਰੂ ਦਾ ਭਾਣਾ ਮੰਨਣ ਲਈ ਹੀ ਕਿਹਾ, ਅਤੇ ਆਪ ਵੀ ਅਡੋਲ-ਚਿੱਤ ਹੀ ਰਹੇ। ਉਹਨਾਂ ਦੇ ਜੀਵਨ ਵਿੱਚ ਅਜਿਹੀਆਂ ਹੋਰ ਵੀ ਕੁਝ ਘਟਨਾਵਾਂ ਹਨ ਜਿਹਨਾਂ ਵਿੱਚ ਉਹ ਅਤਿ ਮੁਸ਼ਕਲਾਂ ਵਿੱਚ ਵੀ ਵਾਹਿਗੁਰੂ ਦਾ ਭਾਣਾ ਖਿੜੇ ਮੱਥੇ ਹੀ ਮੰਨਦੇ ਰਹੇ।

**ਦੂਸਰਿਆਂ ਦਾ ਧਰਮ ਅਤੇ ਅਜ਼ਾਦੀ ਬਚਾਉਣ ਲਈ ਮਹਾਨ ਕੁਰਬਾਨੀ**

ਸੰਸਾਰ ਵਿੱਚ ਬਹੁਤ ਸਾਰੇ ਮਹਾਂ ਪੁਰਖ ਹੋਏ ਹਨ ਜਿਨ੍ਹਾਂ ਨੇ ਵੱਖ ਵੱਖ ਖੇਤਰਾਂ ਵਿੱਚ ਮਨੁੱਖਤਾ ਦੀ ਸੇਵਾ ਕੀਤੀ ਹੈ। ਜਿਨ੍ਹਾਂ ਵਿੱਚ ਵਿਗਿਆਨ ਤੋਂ ਲੈ ਕੇ ਸਿਹਤ, ਸਮਾਜਿਕ, ਅਤੇ ਧਾਰਮਿਕ ਖੇਤਰ ਸ਼ਾਮਲ ਹਨ। ਅੰਗ੍ਰੇਜ਼ੀ ਵਿੱਚ ਇੱਕ ਕਹਾਵਤ ਬਹੁਤ ਪ੍ਰਸਿੱਧ ਹੈ ਕਿ ਮਨੁੱਖ ਦਾ ਧਨ ਚਲਾ ਜਾਏ ਤਾਂ ਕੋਈ ਨੁਕਸਾਨ ਨਹੀਂ ਹੁੰਦਾ, ਜੇ ਮਨੁੱਖ ਦੀ ਸਿਹਤ ਵਿਗੜ ਜਾਏ ਤਾਂ ਕੁਝ ਨੁਕਸਾਨ ਹੁੰਦਾ ਹੈ, ਪਰ ਜੇ ਮਨੁੱਖ ਦਾ ਚਾਲ ਚੱਲਣ ਹੀ ਚਲਾ ਜਾਏ ਤਾਂ ਉਸਦਾ ਸਭ ਕੁਝ ਚਲਾ ਜਾਂਦਾ ਹੈ। ਪਰ ਇਸ ਤੋਂ ਵੀ ਉੱਪਰ ਇੱਕ ਗੱਲ ਹੋਰ ਹੈ ਜਿ ਕਿਸੇ ਕੌਮ ਦਾ ਸਵੈਮਾਨ ਹੀ ਨਾ ਰਹੇ ਤਾਂ ਉਸਦੇ ਜੀਉਣ ਦਾ ਹੀ ਕੀ ਹੱਜ ਰਹਿ ਜਾਂਦਾ ਹੈ। ਉਹ ਕੌਮ ਹੋਰ ਕੌਮਾਂ ਦੀ ਗ਼ੁਲਾਮ ਹੀ ਰਹਿੰਦੀ ਹੈ, ਅਤੇ ਉਸਦੀ ਬੋਲੀ ਅਤੇ ਸਭਿਅਤਾ ਨਸ਼ਟ ਹੋ ਜਾਂਦੀ ਹੈ। ਗੁਰੂ ਨਾਨਕ ਸਾਹਿਬ ਦੇ ਇਹ ਕਥਨ ਕਿੰਨੇ ਵਜ਼ਨਦਾਰ ਹਨ।

- ਧਨਾਸਰੀ ਮਹਲਾ 1 (662)॥ ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥ ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥
- ਬਸੰਤ ਹਿੰਡੋਲੁ ਮਹਲਾ 1 ਅਸਟਪਦੀ (1191)॥ ਆਦਿ ਪੁਰਖ ਕਉ ਅਲਹੁ ਕਹੀਐ ਸੇਖਾ ਆਈ ਵਾਰੀ॥ ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ॥ ਕੂਜਾ ਬਾਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ॥ ਘਰਿ ਘਰਿ ਮੀਆ ਸਭਨਾ ਜੀਆ ਬੋਲੀ ਅਵਰ ਤੁਮਾਰੀ॥ –

ਗੁਰੂ ਨਾਨਕ ਸਾਹਿਬ ਦੇ ਵੇਲ਼ੇ ਇੱਕ ਪਾਸੇ ਧਾਰਮਿਕ ਨੇਤਾ (ਉਚੇਚੇ ਤੌਰ ਤੇ ਬ੍ਰਾਹਮਣ) ਲੋਕਾਂ ਨੂੰ ਵਹਿਮਾਂ ਭਰਮਾਂ ਦੇ ਜਾਲ਼ ਵਿੱਚ ਫ਼ਸਾ ਕੇ ਉਹਨਾਂ ਦੀ ਦਸਾਂ ਨਹੁੰਆ ਦੀ ਕਿਰਤ ਨੂੰ ਲੁੱਟ ਰਹੇ ਸਨ, ਅਤੇ ਦੂਸਰੇ ਪਾਸੇ ਰਾਜੇ ਅਤੇ ਉਹਨਾਂ ਦੇ ਅਹਿਲਕਾਰ ਆਪਣੀ ਹਿੱਕ ਦੇ ਜ਼ੋਰ ਤੇ ਲੋਕਾਂ ਦਾ ਲਹੂ ਨਿਚੋੜ ਰਹੇ ਸਨ, ਅਤੇ ਨਿਰਬਲ ਅਤੇ ਵਹਿਮਾਂ ਭਰਮਾਂ ਵਿੱਚ ਗ੍ਰਸਤ ਪਰਜਾ ਦੋਹਾਂ ਸ਼੍ਰੇਣੀਆਂ ਹੱਥੋਂ ਲੁੱਟੀ ਜਾ ਰਹੀ ਸੀ। ਉਹਨਾਂ ਦਾ ਮਨੋ ਬਲ ਅਤੇ ਆਤਮ-ਵਿਸ਼ਵਾਸ ਪੂਰੀ ਤਰ੍ਹਾਂ ਕੁਚਲਿਆ ਜਾ ਚੁੱਕਾ ਸੀ ਅਤੇ ਉਹ ਗ਼ੁਲਾਮੀ

ਦਾ ਜੂਲ਼ਾ ਸਹਿਣ ਦੇ ਆਦੀ ਹੋ ਚੁੱਕੇ ਸਨ। ਪਰਜਾ ਦੀ ਇਸ ਤਰਸਯੋਗ ਹਾਲਤ ਤੇ ਗੁਰੂ ਨਾਨਕ ਸਾਹਿਬ ਦਾ ਕੋਮਲ ਮਨ ਪਿਘਲ ਉੱਠਿਆ ਅਤੇ ਉਹਨਾਂ ਨੇ ਭੋਲੀ ਭਾਲੀ ਅਤੇ ਸਹਿਮੀ ਹੋਈ ਪਰਜਾ ਵਿੱਚ ਨਵੀਂ ਰੂਹ ਫੂਕਣ ਲਈ ਸਾਰੇ ਭਾਰਤ, ਅਤੇ ਬਹੁਤ ਸਾਰੇ ਹੋਰ ਦੇਸਾਂ ਦਾ 22 ਸਾਲ ਲਈ ਰਟਨ ਕੀਤਾ ਅਤੇ ਅਤਿਅੰਤ ਮੁਸ਼ਕਿਲਾਂ ਦਾ ਸਾਹਮਣੇ ਕਰਦੇ ਹੋਏ ਲੋਕਾਂ ਦੀ ਅਣਖ ਨੂੰ ਜਗਾਇਆ। ਇਸ ਕਾਰਜ ਲਈ ਉਹਨਾਂ ਨੂੰ, ਅਤੇ ਅਗਲੇ ਸੱਤ ਗੁਰੂ ਸਾਹਿਬਾਨ ਨੂੰ ਬਹੁਤ ਕੁਰਬਾਨੀਆਂ ਦੇਣੀਆਂ ਪਈਆਂ।

ਮੁਸਲਮਾਨ ਹਾਕਮਾਂ ਨੇ ਹਿੰਦੂਆਂ ਨੂੰ ਇਸਲਾਮ ਅਪਨਾਉਣ ਲਈ ਵੀ ਲਾਲਚ ਦਿੱਤੇ, ਅਤੇ ਉਹਨਾਂ ਤੇ ਵਾਧੂ ਟੈਕਸ ਵੀ ਲਾ ਦਿੱਤੇ। ਬਹੁਤ ਸਾਰੇ ਹਿੰਦੂਆਂ ਨੇ ਇਸਲਾਮ ਕਬੂਲ਼ ਵੀ ਕਰ ਲਿਆ। ਪਰ ਅਕਬਰ ਦੇ ਸਮੇਂ ਹਿੰਦੂਆਂ ਨਾਲ਼ ਕੋਈ ਮਾੜਾ ਵਰਤਾਉ ਨਹੀਂ ਕੀਤਾ ਗਿਆ। ਜਹਾਂਗੀਰ ਨੇ ਹਿੰਦੂਆਂ ਨੂੰ ਇਸਲਾਮ ਕਬੂਲਣ ਲਈ ਕੁਝ ਦਬਾਅ ਪਾਇਆ ਪਰ ਸ਼ਾਹਜਹਾਨ ਨੇ ਨਰਮੀ ਹੀ ਵਰਤੀ ਔਰੰਗਜ਼ੇਬ ਨੇ ਆਪਣੇ ਗੁਨਾਹਾਂ ਤੇ ਪਰਦਾ ਪਾਉਣ ਲਈ ਆਪਣੇ ਆਪ ਨੂੰ ਇਸਲਾਮ ਦਾ ਰੱਖਿਅਕ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਅਤੇ ਵੱਧ ਤੋਂ ਵੱਧ ਹਿੰਦੂਆਂ ਨੂੰ ਇਸਲਾਮ ਕਬੂਲਣ ਲਈ ਹਰ ਪ੍ਰਕਾਰ ਦੇ ਹੱਥ ਕੰਡੇ, ਜਿਵੇਂ ਕਿ ਲਾਲਚ, ਦੰਡ, ਅਤੇ ਜਬਰ ਆਦਿ ਵਰਤੇ। ਕਿਉਂਕਿ ਸਭ ਤੋਂ ਵੱਧ ਗਿਆਨਵਾਨ ਹਿੰਦੂ ਕਸ਼ਮੀਰ ਦੇ ਬ੍ਰਾਹਮਣ ਸਨ, ਉਸਨੇ ਸੋਚਿਆ ਕਿ ਜੇ ਕਰ ਉਹ ਕਸ਼ਮੀਰੀ ਬ੍ਰਾਹਮਣਾਂ ਨੂੰ ਇਸਲਾਮ ਕਬੂਲਣ ਵਿੱਚ ਸਫ਼ਲ ਹੋ ਸਕਿਆ ਤਾਂ ਬਾਕੀ ਸਾਰੇ ਹਿੰਦੂ ਸਹਿਜੇ ਹੀ ਇਸਲਾਮ ਕਬੂਲ ਲੈਣਗੇ। ਸੋ ਇਸ ਉਦੇਸ਼ ਦੀ ਪੂਰਤੀ ਲਈ ਉਸਨੇ ਕਸ਼ਮੀਰੀ ਪੰਡਿਤਾਂ ਨੂੰ ਇਸਲਾਮ ਵਿੱਚ ਸ਼ਾਮਿਲ ਕਰਨ ਲਈ ਸਖ਼ਤ ਹੁਕਮ ਜਾਰੀ ਕਰ ਦਿੱਤਾ, ਅਤੇ ਕਸ਼ਮੀਰ ਦੇ ਸਮੇਂ ਦੇ ਸੂਬੇਦਾਰ (ਗਵਰਨਰ) ਸ਼ੇਰ ਅਫ਼ਗਾਨ ਨੇ ਹਰ ਪ੍ਰਕਾਰ ਦੇ ਸਾਧਨ ਵਰਤਣੇ ਸ਼ੁਰੂ ਕਰ ਦਿੱਤੇ, ਅਤੇ ਜੋ ਲਾਲਚ ਨਾਲ਼ ਨਹੀਂ ਮੰਨਦਾ ਸੀ, ਉਸਨੂੰ ਕਤਲ ਕਰ ਦਿੱਤਾ ਜਾਂਦਾ ਸੀ।

ਜਦ ਔਰੰਗਜ਼ੇਬ ਦੇ ਜ਼ੁਲਮ ਦੀ ਹੱਦ ਬਹੁਤ ਵਧ ਗਈ, ਤਾਂ ਪੰਡਿਤ ਕਿਰਪਾ ਰਾਮ ਦੀ ਅਗਵਾਈ ਹੇਠ ਕੁਝ ਕਸ਼ਮੀਰੀ ਪੰਡਿਤ ਗੁਰੂ ਤੇਗ ਬਹਾਦੁਰ ਸਾਹਿਬ ਕੋਲ਼ ਆਪਣੀ ਪੁਕਾਰ ਲੈ ਕੇ ਅਨੰਦਪੁਰ ਸਾਹਿਬ ਪਹੁੰਚੇ ਅਤੇ ਅਪਣੇ ਧਰਮ ਦੀ ਰੱਖਿਆ ਲਈ ਬੇਨਤੀ ਕੀਤੀ। ਕੁਝ ਸੋਚਣ ਤੋਂ ਪਿੱਛੋਂ ਗੁਰੂ ਸਾਹਿਬ ਨੇ ਆਪਣੇ ਮਨ ਨਾਲ਼ ਇਹ ਫ਼ੈਸਲਾ ਕੀਤਾ ਕਿ ਕੋਈ ਮਹਾਨ ਕੁਰਬਾਨੀ ਕਰਨ ਤੋਂ ਬਿਨਾ ਔਰੰਗਜ਼ੇਬ ਦੀ ਜਬਰਨ ਧਰਮ ਬਦਲਣ ਦੀ ਨੀਤੀ ਨਹੀਂ ਬਦਲੇਗੀ, ਅਤੇ ਓਸਦੇ ਜ਼ੁਲਮ ਦਾ ਅੰਤ ਨਹੀਂ ਹੋਵੇਗਾ। ਸੋ ਉਹਨਾਂ ਨੇ ਪੰਡਿਤਾਂ ਨੂੰ ਹੌਂਸਲਾ ਦਿੱਤਾ ਅਤੇ ਕਿਹਾ ਕਿ ਉਹ ਆਪ ਦਿੱਲੀ ਜਾ ਕੇ ਔਰੰਗਜ਼ੇਬ ਨੂੰ ਕਹਿਣ ਕਿ ਜੇਕਰ ਉਸ ਨੇ (ਗੁਰੂ) ਤੇਗ਼ ਬਹਾਦੁਰ (ਸਾਹਿਬ) ਨੂੰ ਇਸਲਾਮ ਕਬੂਲਣ

ਲਈ ਮਨਾ ਲਿਆ ਤਾਂ ਉਹ ਸਾਰੇ ਵੀ ਮੁਸਲਮਾਨ ਬਣ ਜਾਣਗੇ। ਇਹ ਸੁਣ ਕੇ ਬਾਦਸ਼ਾਹ ਬਹੁਤ ਖ਼ੁਸ਼ ਹੋਇਆ ਅਤੇ ਉਸਨੇ ਤੁਰੰਤ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਦਿੱਤੇ। ਗੁਰੂ ਸਾਹਿਬ ਨੇ ਆਪ ਹੀ ਆਗਰੇ ਜਾ ਕੇ ਆਪਣੇ ਆਪ ਨੂੰ ਔਰੰਗਜ਼ੇਬ ਦੇ ਸਿਪਾਹੀਆਂ ਦੇ ਹਵਾਲੇ ਕਰ ਦਿੱਤਾ, ਅਤੇ ਸਿਪਾਹੀ ਆਪ ਨੂੰ ਦਿੱਲੀ ਲੈ ਗਏ ਜਿੱਥੇ ਉਹਨਾਂ ਨੂੰ ਨਜ਼ਰਬੰਦ ਕਰ ਦਿੱਤਾ ਗਿਆ ਅਤੇ 11 ਨਵੰਬਰ 1675 ਵਿੱਚ ਚਾਂਦਨੀ ਚੌਕ ਵਿੱਚ ਉਹਨਾਂ ਨੂੰ ਤਲਵਾਰ ਨਾਲ਼ ਸ਼ਹੀਦ ਕੀਤ ਦਿੱਤਾ ਗਿਆ।

ਗੁਰੂ ਸਾਹਿਬ ਦੀ ਇਹ ਕੁਰਬਾਨੀ ਦੁਨੀਆ ਦੇ ਇਤਿਹਾਸ ਵਿੱਚ ਇਹ ਇਕਲੌਤੀ ਮਿਸਾਲ ਹੈ ਜਿਸ ਵਿੱਚ ਕਿਸੇ ਮਨੁੱਖ ਨੇ ਕਿਸੇ ਦੂਸਰੇ ਧਰਮ ਦੀ ਰੱਖਿਆ ਲਈ, ਜਿਸ ਵਿੱਚ ਕਿ ਉਸਦਾ ਆਪਣਾ ਕੋਈ ਵਿਸ਼ਵਾਸ ਨਹੀਂ, ਲਈ ਕੁਰਬਾਨੀ ਦਿੱਤੀ ਹੋਵੇ। ਇਸੇ ਅਦੁੱਤੀ ਕੁਰਬਾਨੀ ਨਾਲ ਸਾਰੇ ਭਾਰਤ ਵਿੱਚ ਮੁਗਲ ਰਾਜ ਵਿਰੁੱਧ ਘਿਰਣਾ ਪੈਦਾ ਹੋ ਗਈ ਅਤੇ ਉਸੇ ਦਿਨ ਤੋਂ ਹੀ ਮੁਗਲ ਰਾਜ ਦੀਆਂ ਜੜ੍ਹਾਂ ਕਮਜੋਰ ਪੈਣੀਆਂ ਸ਼ੁਰੂ ਹੋ ਗਈਆਂ। ਇਸ ਮਹਾਨ ਕੁਰਬਾਨੀ ਸਦਕਾ ਹੀ ਸਾਰਾ ਭਾਰਤ ਗੁਰੂ ਸਾਹਿਬ ਨੂੰ "ਤੇਗ ਬਹਾਦੁਰ, ਹਿੰਦ ਦੀ ਚਾਦਰ" ਨਾਲ਼ ਸਤਿਕਾਰਨ ਲੱਗ ਪਿਆ ਪਰ ਇੱਕ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਇਸ ਕੁਰਬਾਨੀ ਦੀ ਬੁਨਿਆਦ ਹਰ ਇੱਕ ਲਈ ਆਪਣੇ ਧਰਮ ਅਤੇ ਵਿਚਾਰਾਂ ਦੀ ਅਜ਼ਾਦੀ ਸੀ। ਜੇ ਕਰ ਹਿੰਦੂਆਂ ਦੀ ਥਾਂ, ਮੁਸਲਮਾਨਾਂ ਤੇ ਵੀ ਅਜਿਹਾ ਜ਼ੁਲਮ ਹੁੰਦਾ, ਤਾਂ ਗੁਰੁ ਸਾਹਿਬ ਉਹਨਾਂ ਲਈ ਵੀ ਆਪਣੀ ਕੁਰਬਾਨੀ ਜ਼ਰੂਰ ਦਿੰਦੇ।

REFERENCES:

1. Prof. Sahib Singh: Gur Itihas Patshahi 2-9.
2. Max A. McAuliffe: The Sikh Religion, Volume IV.
3. Puran Singh: The book of The Ten Masters. Publication Bureau P.U. Patiala.
4. Bhai Vir Singh: Asht Gur Chamatkar.
5. Kundra and Bawa: History of the Punjab.

**ਡਾ: ਦੇਵਿੰਦਰ ਸਿੰਘ ਸੇਖੋਂ**
**ਟੋਰੰਟੋ, ਕੈਨੇਡਾ**
**sekhonds@hotmail.ca**

# ਪੰਜਾਬੀ ਭਾਸ਼ਾ ਅਕਾਦਮੀ ਜਲੰਧਰ

ਅਤੇ

# ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ

ਲੁਧਿਆਣਾ

# ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ

ਵੱਲੋਂ

## ਡਾ. ਜੋਗਿੰਦਰ ਸਿੰਘ ਪੁਆਰ ਯਾਦਗਾਰੀ ਵੈਬੀਨਾਰ ਲੜੀ ਨੰ.-13

## ਆਨਲਾਈਨ ਵਿਚਾਰ ਚਰਚਾ

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ : ਭਾਸ਼ਾਈ ਪਾਸਾਰ

**06 ਅਕਤੂਬਰ 2021 , ਬੁੱਧਵਾਰ**

**4:30 ਵਜੇ ਸ਼ਾਮ (IST)**

## ਵਕਤਾ



**ਡਾ. ਬੂਟਾ ਸਿੰਘ ਬਰਾੜ**

ਸਾਬਕਾ ਮੁਖੀ
ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ
ਬਠਿੰਡਾ



**ਡਾ. ਪਰਮਜੀਤ ਸਿੰਘ ਢੀਂਗਰਾ**

ਮੁਖੀ
ਪੰਜਾਬ ਯੂਨੀਵਰਸਿਟੀ ਰਿਜਨਲ ਸੈਂਟਰ
ਸ੍ਰੀ ਮੁਕਤਸਰ ਸਾਹਿਬ

# ਮਨੁੱਖੀ ਸੋਚ, ਦਇਆ ਦੀ ਮੂਰਤ: ਗੁਰੂ ਤੇਗ ਬਹਾਦਰ ਸਾਹਿਬ

**ਡਾ. ਅਮਰਜੀਤ ਸਿੰਘ ਟਾਂਡਾ**



ਅਮਰਜੀਤ ਟਾਂਡਾ ਸਿਡਨੀ ਵੱਸਦਾ ਉਹ ਸਾਹਿਤਕਾਰ ਹੈ, ਜਿਸਨੇ ਕਵਿਤਾ ਦੇ ਨਾਲ ਨਾਲ ਗਲਪ ਵਿੱਚ ਵੀ ਆਪਣੀ ਹਾਜ਼ਰੀ ਲੁਆਈ ਹੈ। ਪੰਜ ਕਾਵਿ ਪੁਸਤਕਾਂ ਤੋਂ ਇਲਾਵਾ ਤਿੰਨ ਨਾਵਲ ਵੀ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੇ ਹਨ। ਉਹਨਾਂ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਸਾਹਿਤ ਲਈ ਬਦੇਸ਼ ਵਿੱਚ ਦੇਣ ਵਾਸਤੇ ਸਾਲ 2008 ਦਾ ਸਨਮਾਨ ਵੀ ਮਿਲ ਚੁੱਕਾ ਹੈ

ਵਿਸ਼ਵ ਦੇ ਇਤਿਹਾਸ ਵਿਚ ਉਨ੍ਹਾਂ ਮਹਾਨ ਵਿਅਕਤੀਆਂ ਦਾ ਜ਼ਿਕਰ ਮਨੁੱਖੀ ਸਮਾਜ ਨੂੰ ਹਮੇਸ਼ਾ ਪ੍ਰਭਾਵਤ ਕਰਦਾ ਪ੍ਰੇਰਨਾ ਦਾ ਸਰੋਤ ਰਿਹਾ ਹੈ ਜਿਹੜੇ ਆਪਣੇ ਵਿਸ਼ਵਾਸ, ਅਕੀਦੇ, ਇਬਾਦਤ ਅਤੇ ਆਸਥਾ ਲਈ ਸ਼ਹਾਦਤ ਪ੍ਰਾਪਤ ਕਰ ਗਏ। ਇਤਿਹਾਸ ਦੀਆਂ ਇਨ੍ਹਾਂ ਮਹਾਨ ਸ਼ਹਾਦਤਾਂ ਦੇ ਅਮਲ ਵਿੱਚ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਵਿਲੱਖਣ, ਅਦੁਤੀ ਅਤੇ ਲਾ-ਮਿਸਾਲ ਹੈ। ਇਸ ਸ਼ਹੀਦੀ ਸਾਕੇ ਦਾ ਸਰੂਪ, ਸਿਧਾਂਤ, ਰੂਪ, ਰਸ ਤੇ ਰੰਗ ਅਲੌਕਿਕ ਅਤੇ ਬੇਮਿਸਾਲ ਹੈ। ਸ਼ਹਾਦਤ ਤਾਂ ਨੌਵੇਂ ਪਾਤਸ਼ਾਹ ਦੇ ਜੀਵਨ ਨਾਟਕ ਦਾ ਅੰਤਿਮ ਸੀਨ ਹੈ ਪਰ ਉਨ੍ਹਾਂ ਦਾ ਸਮੁੱਚਾ ਜੀਵਨ ਤਪ, ਤਿਆਗ, ਸੇਵਾ ਤੇ ਕੁਰਬਾਨੀ ਨਾਲ ਸਰਸ਼ਾਰ ਹੈ।

ਗੁਰੂ ਤੇਗ ਬਹਾਦਰ ਸਾਹਿਬ ਸੂਰਜ ਦੀ ਸੋਚ, ਸਰਘੀ ਦਾ ਸੁਪਨਾ, ਹਿੰਦ ਦੀ ਚਾਦਰ, ਦਇਆ ਦੀ ਮੂਰਤ ਤੇ ਅਰਸ਼ ਜੇਡਾ ਬਲੀਆਂ ਦਾ ਦਾਨੀ-ਸ਼ਾਸਤਰ ਅਤੇ ਸ਼ਸਤਰ ਦਾ ਸੁਮੇਲ ਹੈ, ਮਾਡਲ ਹੈ।

ਉਹ ਤਲਵਾਰ ਦਾ ਤੇ ਵਾਰ ਦਾ ਧਨੀ, ਲੁਕਾਈ ਨੂੰ ਕੁਰਬਾਨੀ ਦਾ ਰਾਹ ਦੱਸ ਗਿਆ ਆਪਣੇ ਲਾਡਲੇ ਵੀ ਕੌਮ ਦੇ ਲੇਖੇ ਲਾ ਗਿਆ। ਨਿੱਕੀ ਜੇਹੀ ਉਮਰੇ ਅਰਸ਼ਾਂ ਵਰਗੇ ਉੱਚੇ ਸੁੱਚੇ ਕਰਤਵ ਸ਼ਾਇਦ ਇਸ ਸੂਰਮੇ ਦੇ ਹੀ ਹਿੱਸੇ ਆਏ ਸਨ। ਲੋਕ ਪਾਗਲ ਹੋ ਜਾਂਦੇ ਹਨ, ਮਾਵਾਂ ਮਰ ਮਿਟਦੀਆਂ ਹਨ ਲਾਡਲਿਆਂ ਦੇ ਵਿਛੜਣ ਤੇ ਪਰ ਉਹ ਪਤਾ ਨਹੀ ਕਿਸ ਮਿੱਟੀ ਚੋਂ ਉਪਜਿਆ। ਘੋੜ ਸਵਾਰੀ ਤੇ ਤਲਵਾਰ ਦਾ ਪਿਤਾਮਾ, ਖੰਜਰ ਦਾ ਆਸ਼ਕ ਉਹਨੇ ਇੱਕ ਹੰਝੂ ਵੀ ਨਾ ਕੇਰਿਆ ਸੀਸ ਦੇਣ ਵੇਲੇ, ਜਿਸ 'ਚ ਕਈ ਸੀਸ ਸਨ, ਅਨੇਕਾਂ ਸੋਚਾਂ ਸਨ। ਸੱਚਾ ਸੁੱਚਾ ਤੇ ਇਨਕਲਾਬੀ ਰਿਸ਼ਮਾਂ ਵਾਲਾ ਸੰਸਕਾਰ ਉਹਨੇ ਹੀ ਪਹਿਲੀ ਵਾਰ ਸੀਸ ਅਰਪਣ ਕਰਕੇ ਸਾਜਿਆ। ਕਾਲ ਦੇ ਭੈਅ ਤੋਂ ਉਹ ਮੁਕਤ ਹੋ ਕੇ ਅਕਾਲ ਸ਼ਕਤੀ ਵਿਚ ਤਰੰਗਿਤ ਹੋ ਗਿਆ ਸ਼ਾਸਤਰ ਨੂੰ ਸ਼ਸਤਰ ਦੀ

ਹੋਂਦ ਮਿਲ ਗਈ। ਥਿੜਕਦੀ ਕੌਮ ਦੀ ਨੀਂਹ ਬਲਵਾਨ ਬਣ ਗਈ। ਅਕਾਲ ਦਾ ਰਾਖਾ, ਕਿਰਪਾਲੂ ਤੇਗ ਦਾ ਧਨੀ ਵੀ ਹੈ। ਗੁਰੂ ਤੇਗ ਬਹਾਦਰ ਸ਼ਬਦ ਦੀ ਸੁਚੇਤ ਪੱਧਰ ਤੋਂ ਵੀ ਉਪਰ ਬੈਠੇ ਹਨ ਉਹਨਾਂ ਨੇ ਕੌਮ ਦੀ ਮਾਨਸਿਕਤਾ ਚੋਂ ਗੁਲਾਮੀ ਮਾਰੀ ਤੇ ਯੋਧਿਆਂ ਦੇ ਸਿਰਤਾਜ ਬਣੇ। ਸੱਚ ਦੇ ਸਫ਼ਿਆਂ ’ਚੋਂ ਕੁਰਬਾਨੀ ਦਾ ਮਾਰਗ ਸਿਰਜ ਕੇ ਨਵਾਂ ਨਿਰਾਲਾ ਜੇਹਾ ਇਤਿਹਾਸ ਦਾ ਨਵਾਂ ਵਰਕਾ ਥੱਲਿਆ।

ਉਹ ਨਾ ਕਿਸੇ ਦੀ ਈਨ ਪ੍ਰਵਾਨ ਕਰੇ ਨਾ ਹੀ ਈਨ ਮੰਨਵਾਏ। ਉਹਦਾ ਕਰਮ ਸ਼ੁੱਭ ਅਮਲ ਦੀਆਂ ਪੈੜਾਂ ਤੇ ਪੱਬ ਧਰਦਾ ਹੈ। ਜਦੋਂ ਸ਼ੁੱਭ ਕਰਮ ਜੂਝ ਮਰਨਾ ਹੋ ਜਾਵੇ-ਮਨ ਚਿੱਤ ਚ ਦ੍ਰਿੜ ਇਰਾਦਾ ਉੱਗ ਆਵੇ, ਸੇਧ ਤੇ ਤੇਗ ਬਹਾਦੁਰ ਦੀ ਹੋਵੇ, ਜਿੱਤ ਨਿਸ਼ਚੈ ਹੀ ਹੋ ਜਾਂਦੀ ਹੈ

- ਦ੍ਰਿੜਤਾ ਇੱਕ ਕਰਮ ਹੈ ਸੱਚਾ ਸੁੱਚਾ-ਇਸ਼ਕ ਹੈ ਸ਼ਬਦ ਦਾ, ਮੁਹੱਬਤ ਹੈ-ਸੀਸ ਵਾਰਨ ਵਾਲੇ ਨਾਲ।
- ਗੁਰੂ ਤੇਗ ਬਹਾਦਰ ਮਾਡਲ ਸ਼ਾਸਤਰ ਅਤੇ ਸ਼ਸਤਰ ਚੜ੍ਹਦੀ ਕਲਾ ਵਾਲਾ ਹੈ ਜੋ ਭਵਿੱਖ-ਮੁਖੀ, ਨਵੀਂ ਪੈੜ੍ਹ ਤੇ ਸਰ੍ਹੋਂ ਦੇ ਫੁੱਲਾਂ ਵਰਗਾ ਤਾਰੀਖ਼ ਦਾ ਸੱਜਰਾ ਪੰਨਾ ਹੈ।
- ਉਹ ਸ਼ਬਦ ਸ਼ਕਤੀ ਦਾ ਰਹੱਸ ਹੈ ਕਿ ਉਨ੍ਹਾਂ ਸੰਕਲਪਾਂ ਨੂੰ ਵਿਹਾਰਕ ਝਰੋਖੇ ‘ਚੋਂ ਉਸਾਰਕੇ ਇਤਿਹਾਸ ਦੇ ਪੰਨਿਆਂ ਤੇ ਜੜ੍ਹ ਦਿਤਾ ਜੋ ਇਨਸਾਨੀਅਤ ਦਾ ਗੌਰਵ ਅਤੇ ਸਵੈ-ਮਾਣ ਬਣਿਆ-ਰਾਹ ਉਕਰਿਆ, ਪੈੜ ਪਾਈ।

ਆਪ ਦਾ ਜਨਮ ਹੋਇਆ ਤਾਂ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਦੇ ਚਰਨਾਂ ’ਤੇ ਮੱਥਾ ਟੇਕਿਆ। ਭਾਈ ਬਿਧੀ ਚੰਦ ਦੇ ਪੁੱਛਣ ’ਤੇ ਆਪ ਨੇ ਦੱਸਿਆ ਕਿ ਇਹ ਬਾਲਕ ਸੱਚਾਈ ਦੇ ਰਾਹ ’ਤੇ ਜਬਰ ਜ਼ੁਲਮ ਨੂੰ ਮਿਟਾਉਣ ਲਈ ਆਖ਼ਰੀ ਸਵਾਸ ਤਕ ਲੜੇਗਾ ਜੋ ਸਮੇਂ ਦੀ ਜਰੂਰਤ ਵੀ ਸੀ। ਸੂਰਜ ਕਦੇ ਛੁਪੇ ਨਹੀਂ ਰਹਿੰਦੇ। ਆਪ ਬਚਪਨ ਤੋਂ ਹੀ ਤੀਖਣ ਬੁੱਧੀ ਵਾਲੇ ਤੇ ਦਇਆ ਦੀ ਮੂਰਤ ਸਨ। ਆਪ ਦੇ ਵੱਡੇ ਭਰਾ ਬਾਬਾ ਗੁਰਦਿੱਤਾ ਜੀ ਦੇ ਵਿਆਹ ਸਮੇਂ ਆਪ ਨੂੰ ਸੁੰਦਰ ਪੁਸ਼ਾਕੇ ਪਹਿਨਾਏ ਗਏ। ਬਰਾਤ ਜਾਣ ਲਈ ਦਰਵਾਜ਼ੇ ’ਚ ਖੜ੍ਹੀ ਸੀ। ਆਪ ਨੇ ਇਕ ਨੰਗਾ ਭਿਖਾਰੀ ਬੱਚਾ ਵੇਖਿਆ ਤਾਂ ਆਪਣੇ ਤਨ ਤੋਂ ਕੱਪੜੇ ਉਤਾਰ ਕੇ ਉਸ ਨੂੰ ਪਹਿਨਾ ਦਿੱਤੇ ਤੇ ਘਰ ਅੰਦਰ ਚਲੇ ਗਏ। ਮਾਤਾ ਜੀ ਦੇ ਪੁੱਛਣ ’ਤੇ ਆਪ ਨੇ ਕਿਹਾ, ‘ਮਾਤਾ ਜੀ’ ਮੈਨੂੰ ਤਾਂ ਹੋਰ ਮਿਲ ਜਾਣਗੇ, ਉਸ ਵਿਚਾਰੇ ਨੂੰ ਕਿਸ ਨੇ ਦੇਣੇ ਹਨ ਜਿਸ ਨੂੰ ਇਸ ਵੇਲੇ ਲੋੜ ਹੈ। ਉਹ ਨੰਗਾ ਸੀ। ਸਤਿਗੁਰੂ ਐਸੀ ਦਇਆ ਦੀ ਤਸਵੀਰ ਸਨ। ਚਾਦਰ ਬਣ ਤਣ ਜਾਣ ਵਾਲੇ। ਚਾਅ ਵੰਡਣ ਵਾਲੇ ਖ਼ੁਸ਼ੀਆਂ ਖਿਡਾਰਨ ਵਾਲੇ।

## ਲੇਖ: ਡਾ. ਅਮਰਜੀਤ ਸਿੰਘ ਟਾਂਡਾ

ਆਪ ਜੀ ਨੂੰ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਪਾਸੋਂ ਸਿੱਖਿਆ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਤੇ ਪੰਜਾਬੀ, ਬ੍ਰਿਜ਼ ਭਾਸ਼ਾ, ਗਣਿਤ ਤੇ ਸੰਗੀਤ ਦਾ ਅੱਛਾ ਗਿਆਨ ਪ੍ਰਾਪਤ ਕੀਤਾ। ਆਪ ਨੂੰ ਘੋੜ ਸਵਾਰੀ ਤੇ ਸ਼ਸਤਰ ਚਲਾਉਣ ਵਿਚ ਵੀ ਬਹੁਤ ਨਿਪੁੰਨਤਾ ਹਾਸਲ ਸੀ। ਕਰਤਾਰਪੁਰ ਦੀ ਜੰਗ 'ਚ ਆਪ ਨੇ ਬਹਾਦਰੀ ਦੇ ਜੌਹਰ ਵਿਖਾਏ ਤਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਦਾ ਨਾਂ 'ਤਿਆਗ ਮੱਲ' ਤੋਂ 'ਤੇਗ ਬਹਾਦਰ' ਰੱਖ ਦਿੱਤਾ। ਆਪ ਦਾ ਵਿਆਹ ਕਰਤਾਰਪੁਰ ਨਿਵਾਸੀ ਲਾਲ ਚੰਦ ਜੀ ਦੀ ਪੁੱਤਰੀ ਗੁਜਰੀ ਜੀ ਨਾਲ 1 ਅਕਤੂਬਰ 1632 ਈਸਵੀ ਨੂੰ ਹੋਇਆ। 22 ਦਸੰਬਰ 1666 ਨੂੰ ਆਪ ਦੇ ਘਰ ਇਕ ਤੇਜਸਵੀ ਪੁੱਤਰ ਦਾ ਜਨਮ ਹੋਇਆ। ਜਿਸ ਦਾ ਨਾਂ 'ਗੋਬਿੰਦ ਰਾਏ' ਰੱਖਿਆ ਗਿਆ।

ਆਪ ਚੇਤ ਸੁਦੀ 14 ਸੰਮਤ 1722 (20 ਮਾਰਚ 1665) ਵਿਚ ਗੁਰਗੱਦੀ 'ਤੇ ਬਿਰਾਜਮਾਨ ਹੋਏ। ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਲੈ ਕੇ ਗੁਰਗੱਦੀ ਮਿਲਣ ਤਕ ਲਗਪਗ 20 ਸਾਲ ਆਪ ਪ੍ਰਭੂ ਭਗਤੀ 'ਚ ਲੀਨ ਰਹੇ। ਗੁਰਗੱਦੀ 'ਤੇ ਬਿਰਾਜਮਾਨ ਹੋਣ ਤੋਂ ਬਾਅਦ ਜਲਦੀ ਹੀ ਆਪ ਨੇ ਸਿੱਖ ਧਰਮ ਦੇ ਪ੍ਰਚਾਰ ਹਿੱਤ ਦੌਰੇ ਆਰੰਭੇ। ਪੰਜਾਬ ਤੋਂ ਬਾਅਦ ਆਪ ਨੇ ਪੂਰਬੀ ਭਾਰਤ ਦੀਆਂ ਯਾਤਰਾਵਾਂ ਕੀਤੀਆਂ। ਆਪ ਸੈਫ਼ਾਬਾਦ, ਧਮਧਾਨ, ਦਿੱਲੀ, ਮਥੁਰਾ, ਬ੍ਰਿੰਦਾਬਨ, ਆਗਰਾ, ਕਾਨਪੁਰ, ਪ੍ਰਯਾਗ, ਬਨਾਰਸ, ਸਸਰਾਮ, ਗਯਾ, ਪਟਨਾ, ਮੁਘੇਰ, ਢਾਕਾ ਤੇ ਅਸਾਮ ਵਿਖੇ ਸਿੱਖੀ ਦੇ ਪ੍ਰਚਾਰ ਹਿੱਤ ਗਏ। ਹਜ਼ਾਰਾਂ ਲੋਕ ਸਿੱਖ ਧਰਮ 'ਚ ਸ਼ਾਮਲ ਹੋ ਗਏ ਕਿਉਂਕਿ ਪ੍ਰਚਾਰ ਸੁੱਚਾ ਸੀ। ਸਿੱਖੀ ਦਾ ਸੁਨੇਹਾ ਇੰਜ ਵਿਛਦਾ ਗਿਆ ਧਰਤ ਦੇ ਰਾਹਾਂ ਤੇ। ਇਸ ਸਮੇਂ ਦੌਰਾਨ ਔਰੰਗਜ਼ੇਬ ਲੋਕਾਂ 'ਤੇ ਅੰਨ੍ਹੇਵਾਹ ਜ਼ੁਲਮ ਢਾਹ ਰਿਹਾ ਸੀ। ਗੁਰੂ ਜੀ ਨੇ ਲੋਕਾਂ ਨੂੰ ਅੱਤਿਆਚਾਰ ਦਾ ਮੁਕਾਬਲਾ ਕਰਨ ਲਈ ਪ੍ਰੇਰਿਆ ਤਾਂ ਔਰੰਗਜ਼ੇਬ ਕੋਲੋਂ ਸਹਾਰਿਆ ਨਾ ਗਿਆ। ਜਦੋਂ



ਗੁਰਦੁਆਰਾ ਗੁਰੂ ਕਾ ਤਾਲ ਸਾਹਿਬ, ਆਗਰਾ

## ਲੇਖ: ਡਾ. ਅਮਰਜੀਤ ਸਿੰਘ ਟਾਂਡਾ

ਅੱਤਿਆਚਾਰ ਰੋਕਿਆ ਜਾਵੇ ਜ਼ੁਲਮ ਨੂੰ ਠੱਲ੍ਹ ਪਾਈ ਜਾਵੇ ਤਾਂ ਜ਼ਾਲਮ ਹੋਰ ਅੰਨ੍ਹਾ ਹੁੰਦਾ ਹੈ ਤੇ ਹੋਰ ਜ਼ੁਲਮ ਕਰਦਾ ਹੈ। ਰਾਮਰਾਇ, ਜੋ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਵੱਡਾ ਲੜਕਾ ਤੇ ਗੁਰੂ ਹਰਕ੍ਰਿਸ਼ਨ ਸਾਹਿਬ ਦਾ ਵੱਡਾ ਭਰਾ ਸੀ, ਅਤੇ ਬਾਣੀ ਦੀ ਤੁਕ ਬਦਲਣ ਦਾ ਹੌਸਲਾ ਕਰਨ 'ਤੇ ਗੁਰੂ ਹਰਿਰਾਇ ਸਾਹਬ ਵੱਲੋਂ ਦੁਰਕਾਰਿਆ ਗਿਆ ਸੀ ਅਤੇ ਗੁਰਗੱਦੀ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਨੂੰ ਸੌਂਪ ਦਿੱਤੀ ਸੀ। ਇਸੇ ਹੀ ਰੰਜਿਸ਼ 'ਚ ਉਸ ਨੇ ਗੁਰਗੱਦੀ ਗੁਰੂ ਤੇਗ ਬਹਾਦਰ ਜੀ ਨੂੰ ਮਿਲਣ 'ਤੇ ਔਰੰਗਜ਼ੇਬ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਸਨ। ਕਸ਼ਮੀਰੀ ਪੰਡਿਤਾਂ ਦਾ ਇਕ ਵਫ਼ਦ ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿਚ 25 ਮਈ 1675 ਨੂੰ ਸ੍ਰੀ ਅਨੰਦਪੁਰ ਸਾਹਿਬ ਵਿਚ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ 'ਚ ਫਰਿਆਦ ਲੈ ਕੇ ਆਇਆ। ਔਰੰਗਜ਼ੇਬ ਦੇ ਅੱਤਿਆਚਾਰਾਂ ਦੀ ਸਾਰੀ ਕਹਾਣੀ ਸੁਣ ਕੇ ਗੁਰੂ ਸਾਹਿਬ ਸੋਚੀਂ ਪੈ ਗਏ ਤਾਂ ਬਾਲ ਗੋਬਿੰਦ ਰਾਏ ਦੇ ਪੁੱਛਣ ਤੇ ਆਪ ਨੇ ਦੱਸਿਆ ਕਿ ਕਿਸੇ ਮਹਾਂਪੁਰਖ ਨੂੰ ਕੁਰਬਾਨੀ ਦੇਣੀ ਪਵੇਗੀ ਤਾਂ ਗੋਬਿੰਦ ਰਾਏ ਜੀ ਬੋਲੇ, 'ਪਿਤਾ ਜੀ, ਆਪ ਤੋਂ ਵੱਡਾ ਮਹਾਂਪੁਰਖ ਹੋਰ ਕੌਣ ਹੋ ਸਕਦਾ ਹੈ' ਗੁਰੂ ਜੀ ਨੇ ਬੱਚੇ ਦੇ ਇਹ ਵਿਚਾਰ ਸੁਣ ਕੇ ਆਪਣੀ ਸ਼ਹਾਦਤ ਦੇਣ ਦਾ ਫ਼ੈਸਲਾ ਕੀਤਾ। ਆਪਣੇ ਤਿੰਨ ਗੁਰਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲ ਦਾਸ ਜੀ ਸਮੇਤ ਦਿੱਲੀ ਦੇ ਚਾਂਦਨੀ ਚੌਂਕ ਵਿਚ ਸ਼ਹੀਦੀ ਪ੍ਰਾਪਤ ਕੀਤੀ। ਤਿੰਨ ਗੁਰਸਿੱਖਾਂ ਨੂੰ 10 ਨਵੰਬਰ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗੁਰੂ ਜੀ ਨੂੰ 12 ਮੱਘਰ ਸੁਦੀ 5 ਸੰਮਤ 1732 (12 ਮੱਘਰ, 11 ਨਵੰਬਰ ਸੰਨ 1675) ਨੂੰ ਸੀਸ ਧੜ ਤੋਂ ਅਲੱਗ ਕਰ ਕੇ ਸ਼ਹੀਦ ਕਰ ਦਿੱਤਾ ਗਿਆ। ਉਹ ਕਟਿਆ ਜਾਣ ਵਾਲਾ ਸੀਸ ਇੱਕ ਨਹੀਂ ਸੀ। ਉਸ ਸੀਸ ਵਿਚ ਅਨੇਕਾਂ ਸੋਚਾਂ ਸਨ, ਅਨੇਕਾਂ ਰਿਸ਼ਮਾਂ ਸਨ ਜ਼ੁਲਮ ਨੂੰ ਢਾਹ ਲਾਉਣ ਲਈ। ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਅਸਥਾਨ ਦਾ ਨਾਂ 'ਸੀਸਗੰਜ' ਹੈ, ਜੋ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਸਥਿਤ ਹੈ।

ਦੀਵਾਨ ਘਨੱਈਆ ਲਾਲ ਆਪਣੀ ਪੁਸਤਕ 'ਤਾਰੀਖ਼-ਏ-ਪੰਜਾਬ' 'ਚ ਲਿਖਦਾ ਹੈ ਕਿ 'ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨਾਲ ਔਰੰਗਜ਼ੇਬ ਦੇ ਸਾਮਰਾਜ ਦਾ ਪਤਨ ਆਰੰਭ ਹੋ ਗਿਆ ਸੀ।' 'ਤਵਾਰੀਖ ਗੁਰੂ ਖਾਲਸਾ' ਵਿਚ ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਗੁਰੂ ਜੀ ਦੀ ਸ਼ਹੀਦੀ 'ਤੇ ਦੇਵਤਿਆਂ ਨੇ ਫੁੱਲ ਬਰਸਾਏ। ਜ਼ਾਲਮ ਬਾਦਸ਼ਾਹ ਦਾ ਬੇੜਾ ਗਰਕ ਹੋਇਆ। ਭਾਈ ਲੱਖੀ ਸ਼ਾਹ ਨੇ ਆਪਣੇ ਤਿੰਨ ਪੁੱਤਰਾਂ, ਜਿਨ੍ਹਾਂ ਦੇ ਨਾਂ ਇਤਹਾਸ ਵਿਚ ਨਿਗਾਹੀਆ, ਹੇਮਾ ਤੇ ਹਾੜੀ ਕਰਕੇ ਆਉਂਦੇ ਹਨ ਤੇ ਚੌਥੇ ਸਿੱਖ ਭਾਈ ਧੂਮਾ ਦੀ ਮਦਦ ਨਾਲ ਗੁਰੂ ਤੇਗ ਬਹਾਦਰ ਸਾਹਿਬ ਦੇ ਧੜ ਨੂੰ ਆਪਣੇ ਰੂੰ ਵਾਲੇ ਗੱਡੇ ਵਿਚ ਛੁਪਾ ਕੇ ਆਪਣੇ ਘਰ ਲੈ ਆਂਦਾ ਤੇ ਘਰ ਨੂੰ

ਅੱਗ ਲਗਾ ਕੇ ਸਸਕਾਰ ਕਰ ਦਿੱਤਾ। ਭਾਈ ਜੈਤਾ ਜੀ (ਭਾਈ ਜੀਵਨ ਸਿੰਘ) ਗੁਰੂ ਸਾਹਿਬ ਜੀ ਦਾ ਸੀਸ ਲੈ ਕੇ ਚੱਕ ਨਾਨਕੀ ਅਨੰਦਪੁਰ ਸਾਹਬ ਗੁਰੂ ਗੋਬਿੰਦ ਸਿੰਘ ਜੀ ਕੋਲ ਪੁੱਜੇ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਦੀ ਬਹਾਦਰੀ ਤੇ ਸੂਰਬੀਰਤਾ ਲਈ ਉਨ੍ਹਾਂ ਨੂੰ 'ਰੰਗਰੇਟੇ ਗੁਰੂ ਕੇ ਬੇਟੇ' ਦਾ ਖ਼ਿਤਾਬ ਬਖ਼ਸ਼ਿਸ਼ ਕੀਤਾ।

ਗੁਰੂ ਗੋਬਿੰਦ ਸਿੰਘ ਜੀ ਪਿਤਾ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਲਿਖਦੇ ਹਨ:

ਤੇਗ ਬਹਾਦਰ ਕੇ ਚਲਤ ਭਇਓ ਜਗਤ ਕੋ ਸੋਗ॥
ਹੈ ਹੈ ਹੈ ਸਭ ਭਇਓ ਜੈ ਜੈ ਜੈ ਸੁਰਲੋਕ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਧਰਮ ਫਿਲਾਸਫੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਵੱਲੋਂ ਗੁਰਿਆਈ ਦੌਰਾਨ ਉਚਾਰੀ ਬਾਣੀ ਤਪੱਸਿਆ ਵਾਲੇ ਸਿਧਾਂਤ ਜਾਂ ਹਿੰਦੂ ਸਿਧਾਂਤ ਦੀ ਵਿਰੋਧਤਾ ਕਰਦੀ ਹੈ। ਸਿੱਖ ਮੱਤ ਇੱਕ ਸਮਾਜਿਕ ਅਤੇ ਭਾਈਚਾਰਕ ਮੱਤ ਹੈ ।ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਹੈ :

ਮਨ ਰੇ ਗਹਿਓ ਨ ਗੁਰ ਉਪਦੇਸੁ ॥
ਕਹਾ ਭਇਓ ਜਉ ਮੂਡੁ ਮੁਡਾਇਓ ਭਗਵਉ ਕੀਨੋ ਭੇਸੁ ॥੧॥ ਰਹਾਉ ॥
( ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 633)

ਕਾਹੇ ਰੇ ਬਨ ਖੋਜਨ ਜਾਈ ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ ਰਹਾਉ॥
( ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 684)

ਪਾਪੀ ਹੀਐ ਮੈ ਕਾਮੁ ਬਸਾਇ ॥
ਮਨੁ ਚੰਚਲੁ ਯਾ ਤੇ ਗਹਿਓ ਨ ਜਾਇ ॥੧॥ ਰਹਾਉ ॥
ਜੋਗੀ ਜੰਗਮ ਅਰੁ ਸੰਨਿਆਸ ॥
ਸਭ ਹੀ ਪਰਿ ਡਾਰੀ ਇਹ ਫਾਸ ॥੧॥
( ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 1186)

ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੀ ਬਾਣੀ ਰਾਹੀ ਸਪੱਸ਼ਟ ਦੱਸਿਆ ਕਿ ਮਨ ਨੂੰ ਇਨ੍ਹਾਂ ਬਨਾਵਟੀ ਸਾਧਨਾਂ ਰਾਹੀਂ ਕਾਬੂ ਨਹੀਂ ਕੀਤਾ ਜਾ ਸਕਦਾ। ਗੁਰੂ ਸਾਹਿਬ ਬਾਣੀ ਅੰਦਰ ਦੱਸਦੇ ਹਨ :

ਸਾਧੋ ਇਹੁ ਮਨੁ ਗਹਿਓ ਨ ਜਾਈ ॥
ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ ॥੧॥ ਰਹਾਉ ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 219)

ਗੁਰੂ ਤੇਗ ਬਹਾਦਰ ਸਾਹਿਬ ਜੀ ਗੁਰਬਾਣੀ ਰਾਹੀਂ ਦਰਸਾਏ ਪਹਿਲੇ ਗੁਰੂ ਜਾਮਿਆਂ ਦੇ ਸਮੁੱਚੇ ਫਲਸਫ਼ੇ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਉਹ ਸਨਿਆਸੀਆਂ, ਜੋਗੀਆਂ, ਵਾਲੇ

## ਲੇਖ: ਡਾ. ਅਮਰਜੀਤ ਸਿੰਘ ਟਾਂਡਾ

ਏਕਾਂਤੀ ਜੀਵਨ ਦੇ ਕਾਇਲ ਨਹੀਂ ਸਨ। ਗੁਰੂ ਤੇਗ ਬਹਾਦਰ ਜੀ ਦੁਆਰਾ ਗੁਰਬਾਣੀ ਅਭਿਆਸ, ਗੁਰਬਾਣੀ ਵਿਚਾਰ ਤੇ ਭਜਨ ਬੰਦਗੀ ਲਈ ਬਣਾਏ ਗਏ ਸਥਾਨਾਂ ਨੂੰ ਲੋਕਾਂ ਨੇ 'ਭੋਰਾ' ਦਾ ਨਾਮ ਦੇ ਦਿੱਤਾ ਹੈ ਅਤੇ ਨਾਲ ਹੀ ਵੀਹ ਇੱਕੀ ਸਾਲ ਉਥੇ ਬੈਠ ਕੇ ਤਪ ਸਾਧਣ ਅਤੇ ਗੁਰਮਤਿ ਵਿਰੋਧੀ ਗੱਲਾਂ ਨੂੰ ਵੀ ਉਨ੍ਹਾਂ ਦੇ ਜੀਵਨ ਨਾਲ ਜੋੜ ਦਿੱਤਾ ਗਿਆ ਹੈ। ਜਿਹੜਾ ਕਿ ਬਿਲਕੁਲ ਨਿਰਮੂਲ ਹੈ।

ਗੁਰੂ ਜੀ ਵੱਲੋਂ ਉਚਾਰੀ ਰੱਬੀ ਬਾਣੀ (59 ਸ਼ਬਦ ਤੇ 57 ਸਲੋਕ) ਮਨੁੱਖੀ ਜੀਵਨ ਪ੍ਰਤੀ ਉਨ੍ਹਾਂ ਦੇ ਸਿਧਾਂਤ ਤੇ ਆਦਰਸ਼ ਨੂੰ ਰੂਪਮਾਨ ਕਰਦੇ ਹਨ। ਨੌਂਵੇਂ ਸਤਿਗੁਰ ਦੀ ਬਾਣੀ ਅਤੇ ਤਪ ਤਿਆਗ ਦੀ ਪੁੰਜ ਉਨ੍ਹਾਂ ਦੀ ਸ਼ਖ਼ਸੀਅਤ ਵਿਚ ਵੈਰਾਗ ਦਾ ਰੰਗ ਪ੍ਰਮੁੱਖ ਹੈ ਪਰ ਇਹ ਵੈਰਾਗ ਇਤਿਹਾਸ ਵਿਚ ਵਿਖਿਆਤ ਵੈਰਾਗ ਦੀਆਂ ਹੋਰ ਮਿਸਾਲਾਂ ਤੋਂ ਮੂਲੋਂ ਹੀ ਵੱਖਰਾ ਹੈ ਜੋ ਬੁਢਾਪੇ, ਬਿਮਾਰੀ ਤੇ ਮੌਤ ਤੋਂ ਡਰ ਕੇ ਜਾਂ ਆਪਣੇ ਕਿਸੇ ਨਜ਼ਦੀਕੀ ਸਬੰਧੀ, ਰਿਸ਼ਤੇਦਾਰ ਜਾਂ ਮਿੱਤਰ ਦੀ ਬੇਵਫਾਈ ਤੋਂ ਪੈਦਾ ਹੋਈ ਕਿਸੇ ਨਿਰਾਸ਼ਤਾ ਤੋਂ ਉਤਪੰਨ ਹੋਇਆ ਵੈਰਾਗ ਨਹੀਂ। ਗੁਰੂ ਪਾਤਸ਼ਾਹ ਨੇ ਤਾਂ ਆਪਣੇ ਸ਼ਬਦਾਂ ਤੇ ਸਲੋਕਾਂ ਦੁਆਰਾ 'ਬਾਲ ਜੁਆਨੀ ਅਰੁ ਬਿਰਧਿ ਫੁਨਿ' ਦੀਆਂ ਤਿੰਨੇ ਅਵਸਥਾਵਾਂ ਦਾ ਸੰਸਾਰ ਮਾਰਗ ਦੇ ਥਿਰ ਨਾ ਰਹਿਣ ਦਾ, 'ਮਾਤ ਪਿਤਾ ਭਾਈ ਸੁਤ ਬੰਧਪ ਅਰ ਫੁਨਿ ਗ੍ਰਿਹ ਕੀ ਨਾਰਿ' ਦਾ 'ਜਗਤ ਮੈ ਝੂਠੀ ਦੇਖੀ ਪ੍ਰੀਤਿ' ਦਾ ਪਦਾਰਥਾਂ ਦੀ ਵਿਅਰਥਤਾ ਅਤੇ ਸੰਸਾਰ ਦੀ ਛਿਣ ਭੰਗਰਤਾ, ਨਾਸ਼ਮਾਨਤਾ ਦਾ ਦ੍ਰਿੜ ਨਿਸ਼ਚਾ ਕਰਵਾ ਮਨੁੱਖੀ ਮਨ ਤੋਂ ਮੌਤ ਦਾ ਡਰ ਦੂਰ ਕਰ ਇਨਸਾਨ ਨੂੰ ਨਿਰਭਉ, ਨਿਡਰ ਹੋ ਜਾਣ ਦੀ ਜੀਵਨ ਜਾਚ ਦੱਸੀ ਹੈ। ਸੰਸਾਰ, ਪਦਾਰਥ ਤੇ ਮਨੁੱਖ ਦੀ ਅਟੱਲ ਹੋਣੀ ਦੀ ਇਸ ਵਿਆਖਿਆ ਵਿਚ ਨਿਰਾਸ਼ਾ ਦਾ ਸੁਰ ਨਹੀਂ ਬਲਕਿ ਆਪ ਨੇ ਆਸ਼ਾ, ਵਿਸ਼ਵਾਸ ਤੇ ਸ਼ਕਤੀ ਦਾ ਸੰਚਾਰ ਕੀਤਾ। ਉਹਨਾਂ ਦਾ ਵੈਰਾਗ ਮਾਇਆ, ਮਮਤਾ ਮੋਹਣੀ ਦੀ ਛੁਹ ਨੂੰ ਢਿੱਲੀ ਕਰਨ ਵਾਲਾ ਹੈ, ਜੀਵਨ ਤੇ ਸਮਾਜ ਪ੍ਰਤੀ ਉਦਾਸੀਨਤਾ ਅਤੇ ਬੇਰੁਖੀ ਦਾ ਅਕਸ ਨਹੀਂ ਹੈ।

ਤਕਰੀਬਨ 26 ਵਰ੍ਹੇ ਗੁਰੂ ਪਾਤਸ਼ਾਹ ਨੇ ਬਾਬਾ ਬਕਾਲਾ ਵਿਖੇ ਅੰਤਰਮੁਖੀ ਵਿਚਾਰਧਾਰਾ, ਸ਼ਬਦ ਸੁਰਤ ਸਾਧਨਾ ਸਿਧਾਂਤ, ਸਿਮਰਨ ਪੈੜਾਂ, ਤੇ ਨਾਮ ਅਭਿਆਸ ਦੀ ਪਰਿਕਰਮਾ ਵਿਚ ਅਨੰਦਤ ਰਹਿ ਬਤੀਤ ਕੀਤੇ। ਇਸ ਸਮੇਂ ਦੌਰਾਨ ਪਰਵਾਰ ਉਨ੍ਹਾਂ ਦੇ ਨਾਲ ਰਿਹਾ। ਆਪ ਨੇ ਸੰਸਾਰ ਨਹੀਂ ਤਜਿਆ, ਮਾਇਆ ਮੋਹ ਤਿਆਗੀ। ਗ੍ਰਹਿਸਥ ਦੀਆਂ ਜ਼ਿੰਮੇਵਾਰੀਆਂ ਨਿਭਾਈਆਂ। ਰਾਖ ਦੀ ਵਿਭੂਤ ਨਹੀਂ ਲਗਾਈ, ਨਾਮ ਦੀ ਵਿਭੂਤ ਲਗਾਈ। ਉਨ੍ਹਾਂ ਨਾਮ ਸਿਮਰਨ ਦੀ ਸਮਾਧੀ ਸਜਾਈ। ਗੱਦੀ 'ਵਡ ਜੋਧਾ ਬਹੁ ਪਰਉਪਕਾਰੀ' ਪਿਤਾ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ (ਗੁਰੂ) ਹਰਿ ਰਾਇ ਜੀ ਨੂੰ ਬਖਸ਼ੀ। ਉਪ੍ਰੰਤ ਗੁਰੂ ਹਰਕ੍ਰਿਸ਼ਨ ਜੀ ਨੇ ਗੁਰਤਾ ਦੀ ਜ਼ਿੰਮੇਵਾਰੀ ਨਿਭਾਈ। ਗੁਰੂ ਤੇਗ਼ ਬਹਾਦਰ ਜੀ ਨੇ ਕਦੇ ਰੋਸ ਨਹੀਂ ਜਿਤਾਇਆ, ਤੇ ਨਾ ਹੀ ਕਦੇ ਗੁਰਤਾ ਗੱਦੀ ਦੀ

ਲਾਲਸਾ ਵਿਖਾਈ। ਬਿਖਮ ਹਾਲਾਤ ਦਾ ਮੁਕਾਬਲਾ ਕਰਨ ਲਈ, ਬਹੁਤਾ ਸਮਾਂ ਆਤਮਿਕ ਸ਼ਕਤੀ ਗ੍ਰਹਿਣ ਕਰਨ ਵਿਚ ਬਿਤਾਇਆ। ਜਦੋਂ ਦੂਰ ਨੇੜੇ ਦੇ ਰਿਸ਼ਤੇਦਾਰ ਸੋਢੀ 22 ਮੰਜੀਆਂ ਡਾਹ ਕੇ ਗੁਰਤਾ ਦੇ ਨਕਲੀ ਦਾਅਵੇਦਾਰ ਬਣ ਬੈਠੇ ਸੀ ਤਿਆਗ ਦੀ ਮੂਰਤ ਗੁਰੂ ਤੇਗ਼ ਬਹਾਦਰ ਜੀ ਨੇ ਗੁਰਤਾ ਦਾ ਦਾਅਵਾ ਪ੍ਰਗਟ ਕਰਨ ਤੋਂ ਸਪੱਸ਼ਟ ਇਨਕਾਰ ਕਰ, ਕਿਸੇ ਕਿਸਮ ਦੇ ਲਾਲਚ, ਲਾਲਸਾ ਅਤੇ ਪਕੜ ਤੋਂ ਉਚੇਰਾ ਆਚਰਨ ਪੇਸ਼ ਕੀਤਾ। ਭਾਈ ਮੱਖਣ ਸ਼ਾਹ ਵਣਜਾਰਾ ਨੂੰ ਗੁਰੂ ਜੀ ਦੀ ਅੰਤਰਾਤਮਾ ਤੋਂ ਗੁਰਤਾ ਪ੍ਰਤੱਖ ਦਿਸੀ ਤਾਂ 'ਗੁਰੂ ਲਾਧੋ ਰੇ' ਪੁਕਾਰ ਗੁਰਤਾ ਦਾ ਸੱਚ ਪ੍ਰਵਾਨਤ ਹੁੰਦਾ ਦਿਸਿਆ। ਜਦੋਂ ਧੀਰ ਮੱਲ ਨੇ ਲੁੱਟਮਾਰ ਕੀਤੀ ਤਾਂ ਵੀ ਗੁਰੂ ਜੀ ਦੀ ਅਡੋਲਤਾ ਹੀ ਉਨ੍ਹਾਂ ਦਾ ਸੁਨੇਹਾ ਸੀ।

ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਕਰਨ ਸ੍ਰੀ ਅੰਮ੍ਰਿਤਸਰ ਆਇਆਂ ਤੋਂ ਮਸੰਦਾਂ ਨੇ ਜਦ ਦਰਵਾਜ਼ੇ ਬੰਦ ਕਰ ਦਿੱਤੇ ਤਾਂ ਵੀ ਬਾਹਰ 'ਕੋਠਾ ਸਾਹਿਬ' ਬੈਠ ਕੇ ਬਿਨਾ ਕਬਜ਼ਾ ਜਾਂ ਪਕੜ ਦਿਖਾਏ ਵਾਪਸ ਆ ਗਏ। 'ਧਨੁ ਦਾਰਾ ਸੰਪਤਿ ਸਗਲ' ਪ੍ਰਤੀ ਉਨ੍ਹਾਂ ਦੀ ਉਦਾਸੀਨਤਾ ਅਤੇ ਤਿਆਗ ਸਪਸ਼ਟ ਦਿਸ ਆਉਂਦਾ ਹੈ, ਪਰ ਉਨ੍ਹਾਂ ਦੇ ਤਿਆਗ ਅਤੇ ਵੈਰਾਗ ਦੀ ਵਿਲੱਖਣਤਾ ਸਿਖਰ 'ਤੇ ਉਦੋਂ ਪ੍ਰਗਟ ਹੁੰਦੀ ਹੈ ਜਦ ਉਹ ਸੱਚ ਦੇ ਪ੍ਰਕਾਸ਼ ਲਈ, ਜ਼ੁਲਮ ਦੀ ਚੱਕੀ ਵਿੱਚ ਪਿਸ ਰਹੀ ਪਰਜਾ ਵਿੱਚ ਆਤਮਕ ਬਲ, ਸਵੈ ਵਿਸ਼ਵਾਸ ਦਾ ਸੰਚਾਰ ਕਰਨ ਲਈ ਅਤੇ ਦੇਸ਼ ਵਿੱਚ ਦੂਰ-ਦੂਰ ਤਕ ਫੈਲੀਆਂ ਗੁਰਸਿਖ ਸੰਗਤਾਂ ਦੀ ਮੁੜ ਸੰਭਾਲ ਕਰਦਿਆਂ ਹੋਇਆਂ ਨਾਮ ਬਾਣੀ ਦੀ ਦੌਲਤ ਵੰਡਦਿਆਂ, ਆਉਣ ਵਾਲੇ ਬਿਖਮ ਸਮਿਆਂ ਦੇ ਚੈਲੰਜ ਲਈ ਸੰਗਤਾਂ ਦੀ ਜਥੇਬੰਦਕ ਸ਼ਕਤੀ ਮਜ਼ਬੂਤ ਕਰਨ ਦੇ ਮਨੋਰਥ ਨਾਲ ਪ੍ਰਚਾਰ ਦੌਰੇ 'ਤੇ ਨਿਕਲੇ। ਸੂਰਜ ਲਈ ਕਿੰਨੇ ਕੁ ਬੂਹੇ ਢੋਹ ਲਵੋਗੇ। ਰਿਸ਼ਮਾਂ ਅੰਦਰ ਆ ਹੀ ਜਾਣਗੀਆਂ। ਫਰਕ ਤਾਂ ਮਨ ਮੰਦਿਰ ਦੀ ਬਨਾਵਟ ਦਾ ਹੈ। ਦੀਵੇ ਓਹੀ ਜਗਦੇ ਨੇ ਜੋ ਬੱਤੀਆਂ ਤੇ ਅੱਗ ਪਕੜ ਲੈਂਦੇ ਹਨ।

ਅਬ ਮੈ ਕਉਨ ਉਪਾਉ ਕਰਉ।।।
ਜਨਮੁ ਪਾਇ ਕਛੁ ਭਲੋ ਨ ਕੀਨੋ ਤਾ ਤੇ ਅਧਿਕ ਡਰਉ॥ ਪੰਨਾ 685

ਆਤਮਕ ਬਲ ਲਈ ਨਾਮ ਸਿਮਰਨ ਗੁਰਮਤਿ ਸਿਧਾਂਤ ਹੈ ਪਰ ਆਤਮਕ ਸ਼ਕਤੀ ਦਾ ਪ੍ਰਯੋਗ ਆਪਣੀ ਹਉਮੈ ਦੇ ਪ੍ਰਗਟਾਵੇ ਲਈ, ਰਿੱਧਾਂ ਸਿੱਧਾਂ ਦੀ ਤਾਕਤ ਦਿਖਾਉਣ ਲਈ ਨਹੀਂ ਬਲਕਿ ਸਮਾਜ ਦੀ ਸੇਵਾ ਲਈ ਹੈ।

ਗੁਰੂ ਤੇਗ਼ ਬਹਾਦਰ ਜੀ ਦੀ ਵੈਰਾਗਮਈ ਬਾਣੀ 'ਗਿਆਨੀ' ਨੂੰ ਪਰਿਭਾਸ਼ਤ ਕਰਦੀ ਦਰਸਾਉਂਦੀ ਹੈ ਕਿ ਗਿਆਨੀ ਦਾ ਰੂਪ ਰੰਗ ਅਤੇ ਰਸ ਅਲੌਕਿਕ ਹੈ। ਇਸ ਵਿਚ ਵਿਦਰੋਹ ਤੇ ਬਗਾਵਤ ਹੈ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨੁ

## ਲੇਖ: ਡਾ. ਅਮਰਜੀਤ ਸਿੰਘ ਟਾਂਡਾ

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥ ਪੰਨਾ 1427

ਪਰ ਇਹ ਨਿੱਡਰਤਾ ਉਪਜਦੀ ਹੈ ਇਸ ਗਿਆਨ ਤੋਂ ਕਿ ਸੰਸਾਰ ਤੇ ਉਸ ਦੇ ਪਦਾਰਥ, ਪਦ-ਪਦਵੀ ਮਾਨ-ਅਪਮਾਨ ਸਦਾ ਨਹੀਂ ਰਹਿਣੇ। ਇਹਨਾਂ ਦਾ ਗੁਆਚਣਾ ਮਨੁਖ ਦੀ ਹੋਣੀ ਅਤੇ ਇਲਾਹੀ ਸਚ ਹੈ ਜਿਸ ਨੂੰ ਪ੍ਰਵਾਨ ਕਰ ਲੈਣ ਨਾਲ ਮਨੁਖ ਚਿੰਤਾ ਮੁਕਤ ਹੋ ਜਾਂਦਾ ਹੈ :

ਚਿੰਤਾ ਤਾ ਕੀ ਕੀਜੀਐ ਜੋ ਅਨਹੋਣੀ ਹੋਇ॥

ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰ ਨਹੀ ਕੋਇ ॥ ਪੰਨਾ 1428

ਗਿਆਨਵਾਨ ਨਿਰਭੈ ਮਨੁਖ ਜਦੋਂ ਧਰਤੀ ਨੂੰ ਪਾਪ-ਗ੍ਰਸੀ, ਪਰਜਾ ਗਿਆਨ ਵਿਹੂਣੀ, ਮਜ੍ਹਬੀ ਪਾਖੰਡ ਦੇ ਮਕੜ-ਜਾਲ ਵਿਚ ਫਸੀ, ਸਮਾਜਿਕ ਅਸਮਾਨਤਾ ਦੇ ਵਖਰੇਵਿਆਂ ਉਲਝੀ ਅਤੇ ਰਾਜਸੀ ਜ਼ੁਲਮ ਦੀ ਪਰਾਧੀਨਤਾ ਦੀ ਚੱਕੀ ਵਿਚ ਪਿਸਦੀ ਹੋਈ ਦੇਖਦਾ ਹੈ ਤਾਂ ਉਹ ਆਪਣੀ ਸ਼ਖਸੀ ਤਾਕਤ ਨੂੰ ਜ਼ੁਲਮ, ਪਾਖੰਡ,ਅਧਰਮ ਤੇ ਪਾਪ ਦੀਆਂ ਤਾਕਤਾਂ ਦੇ ਮੇਚ ਦਾ ਨਹੀਂ ਸਮਝਦਾ ਤਾਂ ਨਿਰਾਸ਼ ਹੋ ਕੇ ਬਹਿ ਜਾਂਦਾ ਹੈ, ਬਲਕਿ ਉਸ 'ਸਰਬ ਸ਼ਕਤੀਮਾਨ ਅੱਗੇ, ਸ਼ਕਤੀ ਬਖਸ਼ਣ ਲਈ ਅਰਦਾਸ-ਬੇਨਤੀ ਕਰਦਾ ਹੈ ਬਲ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ਕਹੁ ਨਾਨਕ ਅਬ ਓਟ ਹਰਿ ਗਜ ਜਿਉਂ ਹੋਹੁ ਸਹਾਇ॥ ਪੰਨਾ 1429 ਅਰਦਾਸ ਵਿਪਰੀਤ ਹਵਾਵਾਂ ਦੇ ਉਲਟ ਖੜ੍ਹਨ ਦੀ ਦਰਿਆਵਾਂ ਦਾ ਵਹਾਉ ਮੋੜਨ ਦੀ ਹਿੰਮਤ ਬਖਸ਼ਦੀ ਹੈ। 'ਸਿਰ ਧਰਿ ਤਲੀ ਗਲੀ ਮੇਰੀ ਆਉ' ਲਈ ਤਤਪਰ ਕਰਦੀ 'ਪਹਿਲਾ ਮਰਣੁ ਕਬੂਲਿ' ਦਾ ਸੱਚ ਗ੍ਰਹਿਣ ਕਰਾਉਂਦੀ 'ਸੰਤਾ ਮਾਨਉ ਦੂਤਾ ਡਾਨਉ' ਦੇ ਰੱਬੀ ਇਨਸਾਫ ਦੀ ਪ੍ਰਾਪਤੀ ਲਈ 'ਸੀਸ ਭੇਟ ਮਾਰਗ ਤੇ ਚੱਲਣ ਅਤੇ ਧਰਮ ਹੇਤ ਹੱਸ-ਹੱਸ ਸ਼ਹੀਦੀਆਂ ਪ੍ਰਾਪਤ ਕਰਨ ਦਾ ਮਾਰਗ ਰੁਸ਼ਨਾਉਣ ਲਈ ਆਤਮਿਕ ਬਲ ਦਾ ਸੰਚਾਰ ਕਰਦੀ ਹੈ, ਤਾਂ ਜੋ ਮਨੁੱਖ 'ਨਿਸ਼ਚੈ ਕਰਿ ਅਪੁਨੀ ਜੀਤ ਕਰੋਂ" ਦੇ ਦ੍ਰਿੜ ਵਿਸ਼ਵਾਸ ਨਾਲ ਪੁਰਜਾ ਪੁਰਜਾ ਕਟਿ ਮਰੈ ਦੀ ਸੂਰਬੀਰਤਾ ਨਾਲ 'ਅਤਿ ਹੀ ਰਨ ਮੈ ਤਬ ਜੂਝ ਮਰੋਂ" ਦਾ ਸੱਚ ਦ੍ਰਿਸ਼ਟਮਾਨ ਕਰ ਸਕੇ। ਇਉਂ ਸਮੇਂ ਦੇ ਹੁਕਮਰਾਨ ਔਰੰਗਜ਼ੇਬ ਆਲਮਗੀਰ ਦੇ ਮਜ਼੍ਹਬੀ ਤੁਅੱਸਬ ਤੇ ਅਤਿਆਚਾਰ ਦੀ ਸਿਖਰ 'ਤੇ ਪਹੁੰਚ ਰਹੀ ਅੱਗ ਦਾ ਮੁਕਾਬਲਾ ਕਰਨ ਲਈ ਨਿਰਭੈ ਹੋਣ, ਚਿੰਤਾ ਛੱਡਣ, ਨਾਮ ਬਾਣੀ ਦੇ ਸਿਮਰਨ ਇਸ ਦੀ ਸਾਧਨਾ ਰਾਹੀਂ ਜੀਵਨ ਦਾ ਸੱਚ ਪਛਾਣਨ ਦੀ ਜੁਗਤ ਦਰਸਾਉਂਦਿਆਂ ਹੋਇਆਂ ਦੁਨਿਆਵੀ ਤੇ ਸ਼ਖਸੀ ਬੰਧਨ ਕੱਟਣ ਲਈ ਅਰਦਾਸ ਰਾਹੀਂ ਆਤਮਿਕ ਸ਼ਕਤੀ ਪ੍ਰਾਪਤ ਕਰਨ ਦਾ ਬਲ ਦੂਰ-ਨੇੜੇ ਦੀਆਂ ਸੰਗਤਾਂ ਨੂੰ ਦੱਸ ਰਾਜ ਦੀ ਤਾਕਤ ਦੇ ਮੁਕਾਬਲੇ ਧਰਮ ਦੀ ਸੰਗਤੀ ਸ਼ਕਤੀ ਨੂੰ ਜਥੇਬੰਦ ਕੀਤਾ। ਇਉਂ ਉਪਦੇਸ਼ ਕਰ ਸੰਗਤਾਂ ਵਿੱਚ ਸ਼ਕਤੀ ਦਾ ਸੰਚਾਰ ਕਰਦਿਆਂ ਹੋਇਆਂ ਗੁਰੂ ਸਾਹਿਬ ਕਰਮਭੂਮੀ ਪੰਜਾਬ ਆ ਪਹੁੰਚੇ, ਸਿੱਖੀ ਕਹਿਣੀ ਨਹੀਂ, ਕਰਮ

ਪ੍ਰਧਾਨ ਹੈ। ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਦੇ ਫਿਰਕਾਪ੍ਰਸਤੀ ਦੇ ਅਤੰਕੀ ਜ਼ੁਲਮ ਤੋਂ ਸਾਰੇ ਦੇਸ਼ ਵਿੱਚ ਡਰ-ਭੈ ਪਸਰ ਰਿਹਾ ਸੀ। ਹਿੰਦੂ ਮੰਦਰ, ਪਾਠਸ਼ਾਲਾਵਾਂ ਢਾਹੁਣ ਦਾ ਅਤੇ ਜਬਰੀ ਮਜ਼੍ਹਬ ਤਬਦੀਲੀ ਦਾ ਬਾਦਸ਼ਾਹੀ ਹੁਕਮ ਸੀ। ਜਬਰੀ ਮਜ਼੍ਹਬ ਤਬਦੀਲੀ ਦੀ ਤਾਨਾਸ਼ਾਹੀ ਹੁਕਮ ਦੀ ਗਾਜ ਸਭ ਤੋਂ ਪਹਿਲਾਂ ਕਸ਼ਮੀਰੀ ਪੰਡਤਾਂ ’ਤੇ ਪਈ। ਆਪਣੇ ਬਚਾਅ ਲਈ ਹਰ ਪ੍ਰਕਾਰ ਦੀ ਪੂਜਾ ਅਰਚਨਾ, ਬੰਦਨਾ, ਯੱਗ ਤੇ ਹਵਨ ਆਦਿ ਕਰ ਨਿਰਾਸ਼ ਹੋਏ ਧਾਰਮਿਕ ਆਗੂਆਂ ਦੇ ਦਰਾਂ ’ਤੇ ਭਟਕਣ ਉਪ੍ਰੰਤ ਚੱਕ ਨਾਨਕੀ (ਜੋ ਹੁਣ ਵਿਸਤ੍ਰਿਤ ਰੂਪ ’ਚ ਸ੍ਰੀ ਅਨੰਦਪੁਰ ਸਾਹਿਬ ਦੇ ਨਾਂ ਨਾਲ ਵਿਸ਼ਵ ਪ੍ਰਸਿੱਧ ਹੈ) ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਗੁਰੂ ਨਾਨਕ ਦੀ ਨੌਂਵੀਂ ਜੋਤ ਦੇ ਸਰੂਪ ਸਮਝ ਗੁਰੂ ਦਰ ’ਤੇ ਹਾਜ਼ਰ ਹੋ, ਧਰਮ ਬਚਾਉਣ ਦੀ ਪੁਕਾਰ ਕੀਤੀ, ‘ਬਾਂਹਿ ਅਸਾਡੀ ਪਕੜੀਐ, ਗੁਰੂ ਹਰਿਗੋਬਿੰਦ ਕੇ ਚੰਦੋ ‘ਸਾਡਾ ਬੱਲ ਛੁਟਕ ਗਿਆ ਹੈ, ਸਾਡੇ ਧਰਮ ਦੀ ਰਾਖੀ ਕਰੋ। ਇਹ ਸਭ ਵਿਥਿਆ ਸੁਣ ਕੇ ਗੁਰੂ ਜੀ ਨੇ ਜੋ ਉਚਾਰਨ ਕੀਤਾ ਉਸ ਨੂੰ ਭਾਟ ਚਾਂਦ ਜੀ ਨੇ ‘ਬੋਲਣਾ ਗੁਰੂ ਤੇਗ਼ ਬਹਾਦਰ ਜੀ ਜੁਬਾਨੀ ਭਟ’ ਕਰਕੇ ਇਉਂ ਲਿਖਿਆ ਹੈ: ‘ਬਾਂਹਿ ਜਿਨ੍ਹਾਂ ਦੀ ਪਕੜੀਐ ਸਿਰ ਦੀਜੈ ਬਾਂਹਿ ਨ ਛੋੜੀਐ, ਤੇਗ ਬਹਾਦਰ ਬੋਲਿਆ ਧਰ ਪਈਏ ਧਰਮ ਨ ਛੋੜੀਐ।’ ਇਹ ਅਧਰਮ, ਪਾਪ ਅਤੇ ਅੱਤਿਆਚਾਰ ਕਿਸੇ ਸੱਚੇ-ਸੁੱਚੇ ਮਹਾਂਪੁਰਸ਼ ਦੇ ਪਵਿੱਤਰ ਖ਼ੂਨ ਦੇ ਬਲੀਦਾਨ ਨਾਲ ਹੀ ਬਚਾਇਆ ਜਾ ਸਕਦਾ ਹੈ। ਐਸਾ ਗੁਰੂ ਤੇਗ ਬਹਾਦੁਰ ਨੇ ਅਨੁਭਵ ਕੀਤਾ। ਬਾਲ ਗੋਬਿੰਦ ਰਾਇ ਨੇ ਇਸ ਇਤਿਹਾਸਕ ਕਥਨ ਕਿ ‘ਤੁਹਾਡੇ ਤੋਂ ਵੱਡਾ ਮਹਾਂਪੁਰਸ਼ ਹੋਰ ਕੌਣ ਹੈ’ ਅਤੇ ਪਵਿੱਤਰ ਖ਼ੂਨ ਹੋਰ ਕਿਸ ਦਾ ਹੈ। ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਤਾਂ ਦੇ ਆਗੂ ਕਿਰਪਾ ਰਾਮ ਨੂੰ ਇਹ ਕਹਿ ਕੇ ਨਿਸਚਿੰਤ ਕਰ ਦਿੱਤਾ ਕਿ ਤੁਸੀਂ ਬਾਦਸ਼ਾਹ ਨੂੰ ਮੋੜਵਾਂ ਉੱਤਰ ਭੇਜ ਦਿਓ ਕਿ ਸਾਡਾ ਧਾਰਮਿਕ ਰਹਿਬਰ ਗੁਰੂ ਤੇਗ਼ ਬਹਾਦਰ ਹੈ ਅਤੇ ਜੇ ਉਹ ਧਰਮ ਤਬਦੀਲ ਕਰਨ ਲਈ ਰਜ਼ਾਮੰਦ ਹੋ ਜਾਵੇ ਤਾਂ ਅਸੀਂ ਸਾਰੇ ਇਸਲਾਮ ਕਬੂਲ ਕਰ ਲਵਾਂਗੇ। ਬਾਦਸ਼ਾਹ ਨੂੰ ਇਹ ਉੱਤਰ ਭੇਜ ਗੁਰੂ ਪਾਤਸ਼ਾਹ ਆਪ ਹੀ ਬਾਦਸ਼ਾਹ ਦਾ ਕਹਿਰ ਝੱਲਣ ਲਈ ਤੁਰ ਪਏ। ਦੁਨੀਆ ਨੇ ਪਹਿਲੀ ਵਾਰ ਦੇਖਿਆ ਕਿ ਕੋਈ ਮਕਤੂਲ ਕਾਤਲ ਵੱਲ ਆਪ ਜਾਂਦਾ ਹੈ। ਰਾਹ ਵਿੱਚ ਹੀ ਸਿੱਖ ਇਤਿਹਾਸਕ ਰਵਾਇਤ ਅਨੁਸਾਰ ਆਗਰੇ ਗ੍ਰਿਫਤਾਰ ਕਰ ਵੱਡੀ ਫੌਜ ਦੀ ਨਿਗਰਾਨੀ ਹੇਠਾਂ ਦਿੱਲੀ ਲਿਆਂਦੇ ਗਏ ਅਤੇ ਦਿੱਲੀ ਦੇ ਨਜ਼ਾਮ ਸਫੀ ਖਾਂ ਤੇ ਕਿਲ੍ਹੇਦਾਰ ਮੁਲਤਫੈਤ ਖਾਂ ਦੇ ਹਵਾਲੇ ਕੀਤੇ ਗਏ। ਭਾਈ ਦਿਆਲਾ, ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਵੀ ਗ੍ਰਿਫਤਾਰ ਕਰਕੇ ਦਿੱਲੀ ਲਿਆਂਦੇ ਗਏ। ਪਹਿਲਾਂ ਪੁਰਾਣੀ, ਡਰਾਉਣੀ ਅਤੇ ਢੱਠੀ ਹੋਈ ਹਵੇਲੀ ਵਿੱਚ ਰੱਖਿਆ। ਉਪਰੰਤ ਆਪ ਜੀ ਨੂੰ ਚਾਂਦਨੀ ਚੌਂਕ ਕੋਤਵਾਲੀ ਵਿੱਚ ਪਿੰਜਰੇ ਵਿੱਚ ਪਾ ਕੇ ਰੱਖਿਆ ਗਿਆ। ਚਾਂਦਨੀ ਚੌਕ ਦੀ ਕੋਤਵਾਲੀ (ਜਿਥੇ ਹੁਣ

**ਲੇਖ: ਡਾ. ਅਮਰਜੀਤ ਸਿੰਘ ਟਾਂਡਾ**

ਗੁਰਦੁਆਰਾ ਸੀਸਗੰਜ ਸਾਹਿਬ ਦਾ ਇਤਿਹਾਸਿਕ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ) ਦੇ ਸਥਾਨ ’ਤੇ ਗੁਰੂ ਜੀ ਨੂੰ ਦੀਨ ਵਿੱਚ ਆਉਣ ਜਾਂ ਕਰਾਮਾਤ ਦਿਖਾਉਣ ਲਈ ਬਾਦਸ਼ਾਹ ਦਾ ਆਤਾਬੀ ਹੁਕਮ ਬਾਰ-ਬਾਰ ਸੁਣਾਇਆ ਗਿਆ। ਸਤਿਗੁਰੂ ਜੀ ਨੇ ਕਿਹਾ ਕਿ ਕਰਾਮਾਤ ਕਹਿਰ ਦਾ ਨਾਮ ਹੈ, ਫਕੀਰ ਅਤੇ ਦਰਵੇਸ਼ ਇਹ ਨਹੀਂ ਦਿਖਾਉਂਦੇ। ਮਜ਼ਹਬ ਤੂੰ ਦੋ ਤੋਂ ਇੱਕ ਕਰਨਾ ਚਾਹੁੰਦਾ ਹੈ ਪਰ ਰੱਬੀ ਰਜ਼ਾ ਇਸ ਨੂੰ ਦੋ ਤੋਂ ਤਿੰਨ ਕਰਨ ਵਿੱਚ ਹੈ। ਇਸ ਕੈਦ ਵਿੱਚ ਆਪ ਜੀ ’ਤੇ ਬੜੀਆਂ ਸਖਤੀਆਂ ਖੇਚਲਾਂ ਅਤੇ ਜ਼ੁਲਮ ਢਾਏ ਗਏ। ਗੁਰੂ ਪਾਤਸ਼ਾਹ ਨੂੰ ਭੈਅ-ਭੀਤ ਕਰਨ ਲਈ ਭਾਈ ਮਤੀ ਦਾਸ ਜੋ ਗੁਰੂ ਜੀ ਦੇ ਦੀਵਾਨ ਸਨ ਤੇ ਸਤਿਗੁਰੂ ਉਸ ਨੂੰ ਆਪਣਾ ਪਿਆਰਾ ਮਿੱਤਰ ਤੇ ਸਖਾ ਕਹਿੰਦੇ ਸਨ, ਉਨ੍ਹਾਂ ਨੂੰ ਆਰੇ ਨਾਲ ਚੀਰਨ ਦਾ ਹੁਕਮ ਸੁਣਾਇਆ ਗਿਆ। ਜਲਾਦਾਂ ਨੇ ਚਾਂਦਨੀ ਚੌਕ ਦੇ ਬਾਜ਼ਾਰ ਵਿੱਚ ਆਰੇ ਨਾਲ ਚੀਰਨ ਤੋਂ ਪਹਿਲਾਂ ਆਖਰੀ ਖੁਆਹਿਸ਼ ਦੱਸਣ ਲਈ ਕਿਹਾ ਤਾਂ ਭਾਈ ਜੀ ਦਾ ਜਵਾਬ ਸੀ ਜਦੋਂ ਉਨ੍ਹਾਂ ਨੂੰ ਆਰੇ ਨਾਲ ਚੀਰਿਆ ਜਾਵੇ ਤਾਂ ਉਨ੍ਹਾਂ ਦਾ ਮੂੰਹ ਸਤਿਗੁਰੂ ਵੱਲ ਸਨਮੁੱਖ ਹੋਵੇ, ਉਆਰਾ ਪਿਆਰਾ ਲਗਤ ਹੈ ਹੀ ਕਹਿ ਸੁਣਾਇਆ। ਜਦ ਤਨ ਦੇ ਦੋ ਟੁੱਕੜੇ ਹੋ ਕੇ ਜ਼ਮੀਨ ’ਤੇ ਡਿੱਗੇ ਤਾਂ ਦੋਹਾਂ ਵਿੱਚੋਂ ਜਪੁਜੀ ਦੀ ਆਵਾਜ਼ ਆ ਰਹੀ ਸੀ। ਦੋਨਹੁ ਤਨ ਤੇ ਜਪੁਜੀ ਪਢੈ ਹੇਰਤ ਸਭ ਤੇ ਅਚਰਜ ਬਢੈ ॥ ਪੰਨਾ 46 ਸੂਰਜ ਪ੍ਰਕਾਸ਼ ਭਾਈ ਦਿਆਲਾ ਜੀ ਦੇਗ ਵਿੱਚ ਪਾ ਕੇ ਉਬਾਲ ਦਿੱਤੇ ਗਏ। ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਅੱਗ ਲਾ ਸ਼ਹੀਦ ਕਰ ਦਿੱਤਾ ਗਿਆ। ਜਦੋਂ ਯਸੂ ਮਸੀਹ ਨੂੰ ਗ੍ਰਿਫਤਾਰ ਕੀਤਾ ਗਿਆ ਤਾਂ ਉਨ੍ਹਾਂ ਦੇ 13 ਸ਼ਰਧਾਲੂ ਸਾਥੀ ਸਨ ਪਰ ਸੂਲੀ ਦੇ ਡਰ ਤੋਂ ਕੋਈ ਸਾਥ ਨਾ ਨਿਭਿਆ ਸਭ ਬੇਵਫਾਈ ਕਰ ਗਏ। ਇਸੇ ਲਈ ਇਸਾਈਆਂ ਵਿੱਚ 13 ਦਾ ਅੰਕੜਾਂ ਮਾੜਾ ਮੰਨਿਆਂ ਜਾਂਦਾ ਹੈ। ਸਾਰੇ ਯੂਰਪ, ਅਮਰੀਕਾ ਵਿੱਚ ਕੋਈ ਤੇਹਰਵੀਂ ਮੰਜ਼ਿਲ, ਤੇਹਰਵਾਂ ਫਲੈਟ, ਤੇਹਰਵੀਂ ਰੋਡ ਜਾਂ ਸਟਰੀਟ ਨਹੀਂ ਹੁੰਦੀ। ਇਸੇ ਦਾ ਹੀ ਇੱਕ ਰੂਪ ਚੰਡੀਗੜ੍ਹ ਹੈ ਜਿਥੇ ਇਸ ਸ਼ਹਿਰ ਦੀ ਯੋਜਨਾ ਫਰਾਂਸੀਸੀ ਇੰਜੀਨੀਅਰ ਵੱਲੋਂ ਬਣਾਏ ਜਾਣ ਕਾਰਨ ਇਥੇ ਤੇਹਰਵਾਂ ਸੈਕਟਰ ਨਹੀਂ ਹੈ ਪਰ ਧੰਨ ਸਿੱਖੀ, ਧੰਨ ਗੁਰੂ ਅਤੇ ਧੰਨ ਗੁਰੂ ਦੇ ਸਿੱਖ, ਕਿ ਤਿੰਨੇ ਸਿੱਖ ਗੁਰੂ ਤੇਗ ਬਹਾਦੁਰ ਸਾਹਿਬ ਤੋਂ ਪਹਿਲਾਂ ਸ਼ਹਾਦਤ ਦੇ ਸਿੱਖੀ ਸਿਦਕ ਜਗਤ ਵਿੱਚ ਪ੍ਰਗਟ ਕਰ ਗਏ। 11 ਨਵੰਬਰ 1675 ਨੂੰ ਗੁਰੂ ਤੇਗ ਬਹਾਦਰ ਸ਼ਹੀਦ ਕਰਨ ਦਾ ਆਲਮਗੀਰੀ ਹੁਕਮ ਨਾਦਰ ਕੀਤਾ ਗਿਆ। ਪਹਿਲਾਂ ਮੁਨਾਦੀ ਕਰਾਈ ਗਈ। ਕੋਤਵਾਲ ਜਿਹੜਾ ਗੁਰੂ ਸਾਹਿਬ ਦੇ ਤੱਪ, ਤਿਆਗ ਅਤੇ ਸਹਿਜ ਤੋਂ ਅਤਿ ਪ੍ਰਭਾਵਤ ਸੀ, ਨੇ ਪੁੱਛਿਆ ਕਿ ਕੀ ਤੁਸੀਂ ਇਹ ਮੁਨਾਦੀ ਸੁਣੀ ਹੈ ਤਾਂ ਗੁਰੂ ਪਾਤਸ਼ਾਹ ਨੇ ਕਿਹਾ ਕਿ ਹਾਂ ਸੁਣੀ ਹੈ। ਜਦੋਂ ਗੁਰੂ ਪਾਤਸ਼ਾਹ ਦਾ ਉਤਰ ਪੁੱਛਿਆ ਤਾਂ ਗੁਰੂ ਜੀ ਨੇ ਇੱਕ ਕੋਇਲਾ ਲੈ ਕੇ ਧਰਤੀ ਦੇ ਉੱਪਰ ਆਪਣਾ ਜਵਾਬ ਲਿਖ ਦਿੱਤਾ ਕਿ

ਲੇਖ: ਡਾ. ਅਮਰਜੀਤ ਸਿੰਘ ਟਾਂਡਾ

ਇਹ ਠੀਕ ਹੈ ਕਿ ਕੱਲ੍ਹ ਦੁਪਹਿਰ ਤੋਂ ਬਾਅਦ ਗੁਰੂ ਤੇਗ਼ ਬਹਾਦਰ ਸਰੀਰਕ ਰੂਪ ਵਿੱਚ ਨਹੀਂ ਰਹੇਗਾ, ਪਰ ਗੋਬਿੰਦ ਰੂਪੀ ਪਰਮਾਤਮਾ ਰਹੇਗਾ, ਧਰਮ ਦੀ ਸ਼ਕਤੀ ਨਾਮ ਰੂਪ ਵਿੱਚ ਰਹੇਗੀ ਤੇ ਧਰਮ ਮਾਰਗ 'ਤੇ ਚੱਲਣ ਵਾਲੇ ਧਰਮੀ ਜਿਊੜੇ ਰਹਿਣਗੇ। ਜੋ ਸ਼ਬਦ ਲਿਖਿਆ ਗਿਆ ਉਹ ਇਹ ਹੈ: ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤ ॥ ਪੰਨਾ 1429 ਲੋਕਾਂ ਨੂੰ ਭੈਅ-ਭੀਤ ਕਰਨ ਲਈ ਦਿੱਲੀ ਦੇ ਚਾਂਦਨੀ ਚੌਕ ਵਿੱਚ ਸ਼ਰੇਆਮ ਸ਼ਹੀਦ ਕਰਨ ਲਈ ਗੁਰੂ ਸਾਹਿਬ ਨੂੰ ਪਿੰਜਰੇ 'ਚ ਲਿਆਂਦਾ ਗਿਆ। ਹਜਾਰਾਂ ਦੀ ਗਿਣਤੀ ਵਿੱਚ ਲੋਕ ਅਜਬ ਤਮਾਸ਼ਾ ਵੇਖਣ ਲਈ ਇਕੱਠੇ ਹੋਏ ਸਨ। ਕਾਜ਼ੀ ਨੇ ਬਾਦਸ਼ਾਹ ਵੱਲੋਂ ਫੇਰ ਸ਼ਰਤਾਂ ਰੱਖੀਆਂ ਪਰ ਆਪ ਜੀ ਨੂੰ ਉਸੇ ਦ੍ਰਿੜਤਾ ਨਾਲ ਰਾਖੇਗੇ ਨਿਜ ਧਰਮ ਨਾ ਹਾਰੌਂ। ਜਲਾਦ ਜਲਾਲੂਦੀਨ ਨੇ ਤਲਵਾਰ ਚਲਾਈ ਅਤੇ ਗੁਰੂ ਜੀ ਦਾ ਸੀਸ ਧੜ ਨਾਲੋਂ ਜੁਦਾ ਕਰ ਦਿੱਤਾ। ਸੀਸ ਕੱਟਿਆ ਗਿਆ ਪਰ ਧਰਮ ਦੀ ਮੂਰਤ ਸਤਿਗੁਰੂ ਦਾ ਸੀਸ ਝੁਕਾਇਆ ਨਾ ਜਾ ਸਕਿਆ। ਦਿੱਲੀ ਰਾਜ ਦੇ ਸਿਰ ਧਰਮ ਦੇ ਨਾਇਕ ਨੇ ਆਪਣੇ ਸਰੀਰ ਦਾ ਠੀਕਰਾ ਭੰਨ ਦਿੱਤਾ। ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨੁ ਤੇਗ ਬਹਾਦੁਰ ਸੀ ਕ੍ਰਿਆ ਕਰੀ ਨ ਕਿਨਹੂੰ ਆਨਿ(ਬਚਿੱਤਰ ਨਾਟਕ) ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਸ਼ਹੀਦੀ ਹੁੰਦਿਆਂ ਸਾਰ ਕੁਦਰਤੀ ਕਹਿਰ ਦਾ ਐਸਾ ਗਰਦ ਭਰਿਆ ਤੂਫਾਨ ਉਠਿਆ ਕਿ ਲੋਕੀਂ ਭੱਜ ਉੱਠੇ ਭੇਸ ਵਟਾ ਕੇ ਉੱਥੇ ਫਿਰ ਰਹੇ ਭਾਈ ਜੈਤਾ ਜੀ ਨੇ ਗੁਰੂ ਦਾ ਸੀਸ ਚੁੱਕ ਲਿਆ ਤੇ ਭਾਈ ਲੱਖੀ ਸ਼ਾਹ ਨੇ ਸਤਿਗੁਰੂ ਜੀ ਦਾ ਧੜ। ਸੀਸ ਲੈ ਭਾਈ ਜੈਤਾ ਜੀ ਅਨੰਦਪੁਰ ਸਾਹਿਬ ਲਈ ਰਵਾਨਾ ਹੋਏ ਅਤੇ ਧੜ ਲੱਖੀ ਸ਼ਾਹ ਦਿੱਲੀ ਦੇ ਨਾਲ ਹੀ ਰਕਾਬ ਗੰਜ ਪਿੰਡ ਵਿੱਚ ਆਪਣੀ ਰਿਹਾਇਸ਼ 'ਤੇ ਲੈ ਆਇਆ। ਸਰਕਾਰੀ ਜਸੂਸ ਚਾਰੇ ਪਾਸੇ ਫਿਰ ਰਹੇ ਸਨ ਇਸ ਲਈ ਭਾਈ ਸਾਹਿਬ ਨੇ ਆਪਣੇ ਘਰ ਨੂੰ ਅੱਗ ਲਾ ਕੇ ਗੁਰੂ ਜੀ ਦੇ ਧੜ ਦਾ ਸਸਕਾਰ ਕੀਤਾ। ਆਪਣਾ ਘਰ ਆਪਣੇ ਹੱਥੀਂ ਹੀ ਸਾੜ ਕੇ ਪਾਵਨ ਦੇਹ ਦਾ ਸਸਕਾਰ ਕੀਤਾ ਜਿੱਥੇ ਅੱਜ ਗੁਰਦੁਆਰਾ ਰਕਾਬ ਗੰਜ ਸਾਹਿਬ ਦਾ ਮਾਣਮੱਤਾ ਗੁਰਦੁਆਰਾ ਬੁਲੰਦ ਹੈ ਅਤੇ ਭਾਈ ਲੱਖੀ ਸ਼ਾਹ ਵਣਜਾਰਾ ਦਾ ਸਦੀਵੀ ਘਰ ਕ੍ਰਿਤਗ ਕੌਮ ਨੇ ਬਣਾ ਦਿੱਤਾ। ਭਾਈ ਜੈਤਾ ਜੀ ਸੀਸ ਲੈ ਕੇ ਗੁਰੂ ਗੋਬਿੰਦ ਰਾਇ ਜੀ ਪਾਸ ਆਨੰਦਪੁਰ ਸਾਹਿਬ ਪਹੁੰਚੇ ਤੇ ਸਮੁੱਚਾ ਸ਼ਹੀਦੀ ਸਾਕਾ ਸੁਣਾਇਆ। ਨੌਂ ਸਾਲ ਦੇ ਗੁਰੂ ਜੀ ਨੇ ਇਹ ਸੁਣ ਕੋਈ ਡਰ-ਭੈਅ ਨਿਕਟ ਨਾ ਆਉਣ ਦਿੱਤਾ ਬਲਕਿ ਆਪਣਾ ਦ੍ਰਿੜ੍ਹ ਇਰਾਦਾ ਇਉਂ ਪ੍ਰਗਟਾਇਆ: ਸ੍ਰੀ ਗੋਬਿੰਦ ਸੁਨਿ ਕਰ ਐਸੇ, ਗਰਜਤ ਬੋਲੇ ਜਲਧਰ ਜੈਸੇ। ਇਸ ਬਿਧਿ ਕੋ ਅਬਿ ਪੰਥ ਬਨਾਵੋਂ। ਸਗਲ ਜਗਤ ਮਹਿ ਬਹੁ ਬਿਦਤਾਵੋਂ॥ ਲਾਖਹੁ ਜਗ ਕੇ ਨਰ ਇਕ ਥਾਇ। ਤਿਨ ਮਹਿ ਮਿਲੇ ਏਕ ਸਿੱਖ ਜਾਇ। ਸਭਿ ਮਹਿ ਪ੍ਰਿਥਕ ਪਛਾਨਯੋ ਪਰੈ। ਰਲੈ ਨ ਕਬਹੂੰ ਕੈ ਸਿਹੁ ਕਰੈ॥

## ਲੇਖ: ਡਾ. ਅਮਰਜੀਤ ਸਿੰਘ ਟਾਂਡਾ

ਜ਼ਾਲਮ ਅੱਗੇ ਧਰਮ ਗੋਪਣ ਜਾਂ ਛੁਪਾਉਣ ਦੀ ਕਾਇਰਤਾ ਸਦੈਵ ਖਤਮ ਕਰ ਦਿੱਤੀ। ਧੜ ਅਤੇ ਸੀਸ ਦਾ ਅੱਡੋ ਅੱਡ ਸਸਕਾਰ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ। ਗੁਰੂ ਨਾਨਕ ਸਾਹਿਬ ਨੇ ਕੇਵਲ ਪੰਜਾਬ ਜਾਂ ਹਿੰਦੋਸਤਾਨ ਹੀ ਨਹੀਂ ਬਲਕਿ 'ਚੜ੍ਹਿਆ ਸੋਧਣ ਧਰਤ ਲੋਕਾਈ' ਦਾ ਆਦਰਸ਼ ਰੂਪਮਾਨ ਕੀਤਾ ਸੀ। ਉਨ੍ਹਾਂ ਦੀ ਨੌਂਵੀਂ ਜੋਤ ਗੁਰੂ ਤੇਗ਼ ਬਹਾਦਰ ਸਾਹਿਬ ਨੇ ਵੀ ਮਨੁੱਖੀ ਸਮਾਜ ਨੂੰ ਬੇਗੈਰਤੀ ਅਤੇ ਪਰਾਧੀਨਤਾ ਤੋਂ ਮੁਕਤ ਕਰ ਦਿੱਤਾ ਸੀ। ਉਸ 'ਤੇ ਆਪਣੀ ਸਰੀਰ ਰੂਪੀ ਚਾਦਰ ਪਾ ਕੇ ਮਨੁੱਖੀ ਸਵੈਮਾਨ ਅਤੇ ਅਜ਼ਾਦੀ ਦੀ ਰਾਖੀ ਕੀਤੀ। 'ਪ੍ਰਗਟ ਭਏ ਗੁਰੂ ਤੇਗ ਬਹਾਦਰ-ਸਗਲ ਸ੍ਰਿਸ਼ਟਿ ਪੈ ਢਾਪੀ ਚਾਦਰ। ਕਰਮ ਧਰਮ ਕੀ ਜਿਨ ਕਲ ਰਾਖੀ। ਅਟਲ ਕਰੀ ਕਲਜੁਗ ਮਹਿੰ ਸਾਖੀ। ਸਗਲ ਸ੍ਰਿਸਟ ਜਾ ਕਾ ਜਸ ਭਯੋ। ਜੇ ਤੇ ਸਰਬ ਧਰਮ ਬੰਚਯੋ (ਕੇਵਲ ਹਿੰਦੂ ਧਰਮ ਨਹੀਂ) ਤੀਨ ਲੋਕ ਮਹਿੰ ਜੈ ਜੈ ਭਈ। ਸਤਿਗੁਰੂ ਪੈਜ ਰਾਖ ਇਮ ਲਈ ਚਿੰਤਨ ਅਤੇ ਚੇਤਨਾ 'ਚ ਗੁਰੂ ਤੇਗ ਬਹਾਦੁਰ ਨੇ ਨਿਵੇਕਲੇ ਜੇਹੇ ਸਫ਼ੇ ਸਿਰਜੇ-ਜਿਨ੍ਹਾਂ ਦੀ ਪ੍ਰਾਸੰਗਿਕਤਾ ਵਰਤਮਾਨ ਸਮੇਂ ਦੇ ਸੀਨੇ ਉਪਰ ਵੀ ਅਰਸ਼ ਵਰਗਾ ਹੀ ਸਤੰਬ ਮੀਨਾਰ ਹੈ ਅੰਬਰ ਦੇ ਬਨੇਰੇ 'ਤੇ।

ਤਾਰੀਖ ਦੇ ਪੰਨੇ ਤੇ ਚਿੰਤਨ ਅਤੇ ਚੇਤਨਾ ਵਿਚ ਜਿਹੜਾ ਨਵਾਂ ਅਧਿਆਇ ਗੁਰੂ ਤੇਗ ਬਹਾਦੁਰ ਨੇ ਸ਼ੁਰੂ ਕੀਤਾ ਸੀ ਉਹਦਾ ਕਿਤੇ ਵੀ ਨਿਸ਼ਾਨ ਨਹੀ ਮਿਲਦਾ -ਜੋ ਰੁਲਦਾ ਜਾ ਰਿਹਾ ਹੈ

ਲੋਕੋ ਜੇ ਇਹੀ ਸਾਡੇ ਵਿਹੜਿਆਂ 'ਚ ਸੋਚ ਬਣੀ ਰਹੀ, ਜੋ ਅੱਜਕਲ ਵਿਚਰ ਵਾਪਰ ਰਿਹਾ ਹੈ ਤਾਂ ਗੁਰੂ ਤੇਗ ਬਹਾਦੁਰ ਦਾ ਇੱਕ ਤੇਗ ਦਾ ਵਾਰ ਸਾਨੂੰ ਪੁੱਛੇਗਾ

ਸੀਸ ਦੀ ਤਾਰੀ ਕੀਮਤ ਭੁਲਾਈ ਜਾ ਰਹੀ ਹੈ, ਭਾਂਵੇਂ ਕਿ ਉਸ ਨੇ ਓਦੋਂ ਅੱਥਰੂ ਵੀ ਨਹੀਂ ਸੀ ਕੇਰਿਆ-ਕੌਮ ਕੁਰਾਹੇ ਪੈ ਚੱਲੀ ਹੈ, ਗੁਰੂ ਤੇਗ ਬਹਾਦੁਰ ਦੀਆਂ ਪੈੜਾਂ ਤੋਂ ਪਰ੍ਹੇ ਹੋਈ ਜਾ ਰਹੀ ਹੈ

ਉਹ ਨਵੇਂ ਚਰਿਤਰ ਵਾਲਾ ਹੈ ਕਿਉਂਕਿ ਉਹਦੇ ਚਿੱਤ ਵਿਚ ਯੁੱਧ ਅਤੇ ਮੁੱਖ ਵਿਚ ਨਾਨਕ ਹੈ। ਸ਼ਾਸਤਰ ਅਤੇ ਸ਼ਸਤਰ ਦਾ ਸੰਗਮ ਹੈ। ਮਜਲੂਮ ਦਾ ਰੱਖਿਅਕ ਹੈ ਗੁਰੂ ਤੇਗ ਬਹਾਦੁਰ।

**ਡਾ. ਅਮਰਜੀਤ ਸਿੰਘ ਟਾਂਡਾ**
**ਆਸਟਰੇਲੀਆ**
**+61417271147**
**drtanda101@gmail.com**

# ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ

## ਲੁਧਿਆਣਾ

## ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ

ਵੱਲੋਂ

## ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ

# ਅੰਤਰਰਾਸ਼ਟਰੀ ਸਟੇਜੀ ਕਵੀ ਦਰਬਾਰ (ਆਨਲਾਈਨ)

ਮਿਤੀ: 24 ਨਵੰਬਰ, 2021 ਸਮਾਂ: ਸਵੇਰੇ 11:00 ਵਜੇ (IST)

**ਆਰੰਭਕ ਬੋਲ**



**ਡਾ. ਸ. ਪ. ਸਿੰਘ**
ਸਾਬਕਾ ਵਾਈਸ ਚਾਂਸਲਰ
ਗੁਰੂ ਨਾਨਕ ਦੇਵ ਯੂਨੀਵਰਸਿਟੀ
ਅੰਮ੍ਰਿਤਸਰ

**ਆਸ਼ੀਰਵਾਦੀ ਸ਼ਬਦ**



**ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ**
ਸ਼੍ਰੋਮਣੀ ਕਥਾਵਾਚਕ

**ਉਦਘਾਟਨ**



**ਪ੍ਰੋ. ਗੁਰਭਜਨ ਸਿੰਘ ਗਿੱਲ**
ਸਾਬਕਾ ਪ੍ਰਧਾਨ
ਪੰਜਾਬੀ ਸਾਹਿਤ ਅਕਾਡਮੀ
ਲੁਧਿਆਣਾ

**ਪ੍ਰਧਾਨਗੀ**



**ਡਾ. ਅਮਰਜੀਤ ਸਿੰਘ ਦੂਆ**
ਸਾਬਕਾ ਡਾਇਰੈਕਟਰ ਜਨਰਲ
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਦਿੱਲੀ

## ਕਵੀ ਸਾਹਿਬਾਨ



**ਡਾ. ਰਾਬਿੰਦਰ ਸਿੰਘ ਮਸਰੂਰ**
ਜਗਾਧਰੀ



**ਅਵਤਾਰ ਸਿੰਘ ਤਾਰੀ**
ਅੰਮ੍ਰਿਤਸਰ



**ਡਾ. ਹਰੀ ਸਿੰਘ ਜਾਚਕ**
ਲੁਧਿਆਣਾ



**ਇੰਜੀ. ਕਰਮਜੀਤ ਸਿੰਘ ਨੂਰ**
ਜਲੰਧਰ



**ਜ਼ਮੀਰ ਅਲੀ ਜ਼ਮੀਰ**
ਮਲੇਰਕੋਟਲਾ



**ਬਲਬੀਰ ਸਿੰਘ ਬਲ**
ਮੋਰਿੰਡਾ



**ਬੀਬੀ ਸੁਰਜੀਤ ਕੌਰ**
ਸੈਕਰਾਮੈਂਟੋ



**ਗੁਰਦੀਸ਼ ਕੌਰ ਗਰੇਵਾਲ**
ਕੈਲਗਰੀ

# ਮਨੁੱਖੀ ਮਨ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ

**ਡਾ. ਭਾਈ ਹਰਬੰਸ ਲਾਲ**



ਡਾ. ਭਾਈ ਹਰਬੰਸ ਲਾਲ ਪੀਐੱਚ. ਡੀ., ਡੀ. ਲਿਟ (ਆਨਰਜ਼) ਐਮਰੀਟਸ ਪ੍ਰੋਫ਼ੈਸਰ ਅਤੇ ਚੇਅਰਮੈਨ ਡਿਪਾਰਟਮੈਂਟ ਆਫ਼ ਫਾਰਮਾਕੋਲੋਜੀ ਅਤੇ ਨਿਉਰੋਸਾਇੰਸ ਵਿਭਾਗ (ਯੂ. ਐਸ. ਏ.) ਵਿਚ ਆਪਣੀਆਂ ਸੇਵਾਵਾਂ ਦੇ ਚੁੱਕੇ ਹਨ। ਇਹਨਾਂ ਦੇ 600 ਤੋਂ ਵੱਧ ਖੋਜ-ਪੱਤਰ ਅਤੇ 28 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਇਹਨਾਂ ਦੁਆਰਾ ਕੀਤੇ ਗਏ ਖੋਜ ਕਾਰਜ ਨੂੰ ਮਾਣ ਦਿੰਦੇ ਹੋਏ ਡੀ. ਲਿਟ ਦੀ ਡਿਗਰੀ ਨਾਲ ਨਿਵਾਜਿਆ ਗਿਆ। ਡਾ. ਹਰਬੰਸ ਲਾਲ ਅੰਤਰਰਾਸ਼ਟਰੀ ਪੱਧਰ ਤੇ ਕਾਰਜਸ਼ੀਲ ਵਿਗਿਆਨਕ ਸਭਾਵਾਂ ਦੇ ਸਲਾਹਕਾਰ ਵੀ ਰਹੇ ਹਨ

ਮਨੁੱਖੀ ਮਨ ਕੁਦਰਤ ਦੀ ਸਭ ਤੋਂ ਵਿਲੱਖਣ, ਸ਼ਕਤੀਸ਼ਾਲੀ ਅਤੇ ਗੁੰਝਲਦਾਰ ਰਚਨਾ ਹੈ। ਇਹ ਸਾਨੂੰ ਚੀਜ਼ਾਂ ਨੂੰ ਸਮਝਣ, ਆਪਣੇ ਆਪ ਨੂੰ ਅਤੇ ਦੁਨੀਆ ਨੂੰ ਜਾਣਨ ਦੀ ਸਮਰੱਥਾ ਦਿੰਦਾ ਹੈ। ਇਹ ਸਮਝਦਾਰੀ ਨਾਲ ਕੰਮ ਕਰਦਾ ਹੈ ਅਤੇ ਸਾਡੇ ਵਾਤਾਵਰਣ ਵਿਚਲੇ ਮਸਲਿਆਂ ਅਤੇ ਧਮਕੀਆਂ ਦਾ ਜਵਾਬ ਦਿੰਦਾ ਹੈ। ਇਹ ਸਾਡੀ ਹੋਂਦ ਨੂੰ ਆਪਣੇ ਹਾਲਾਤਾਂ ਅਨੁਸਾਰ ਢਾਲਣ ਵਿਚ ਮੱਦਦ ਕਰਦਾ ਹੈ ਅਤੇ ਸਾਡੀ ਹੋਂਦ ਨੂੰ ਬਚਾਉਣ ਤੇ ਤੰਦਰੁਸਤੀ ਲਈ ਹਲਾਤਾਂ ਨੂੰ ਬਦਲਣ ਵਿਚ ਵੀ ਸਮਰੱਥ ਹੈ। ਇਹ ਦੁਨੀਆ ਦੇ ਰਹੱਸਾਂ ਨੂੰ ਸਮਝਣ ਅਤੇ ਫੈਸਲੇ ਲੈਣ ਵਿਚ ਸਹਾਇਤਾ ਕਰ ਸਕਦਾ ਹੈ। ਮਨੁੱਖ ਦਾ ਮਨ ਆਪਣੀ ਹਕੀਕਤ ਨੂੰ ਬਣਾਉਣ ਲਈ ਬੇਜੋੜ ਰਚਨਾਤਮਕਤਾ ਅਤੇ ਵਿਸ਼ਾਲ ਸਮਰੱਥਾ ਰੱਖਦਾ ਹੈ। ਮਨ, ਹੈਰਾਨੀ, ਅਨੰਦ ਅਤੇ ਖੁਸ਼ੀ ਦਾ ਸੋਮਾ ਹੈ ਜੋ ਹਰ ਵਿਸਤ੍ਰਿਤ ਅਤੇ ਸਰਬਪੱਖੀ ਹੋ ਸਕਦਾ ਹੈ। ਇਸ ਵਿਚ ਚਿੰਤਨ, ਪ੍ਰਤੀਬਿੰਬ ਅਤੇ ਇੱਥੋਂ ਤਕ ਹੇਰਾਫੇਰੀ ਲਈ ਵੀ ਇਕ ਕਮਾਲ ਦੀ ਯੋਗਤਾ ਹੈ। ਅਫ਼ਸੋਸ ਦੀ ਗੱਲ ਹੈ ਕਿ ਕਮਾਲ ਦੇ ਦਿਮਾਗ ਨੂੰ ਬਨਾਵਟੀ ਚੱਕਰ ਅਤੇ ਭਰਮਾਉਣ ਵਾਲੇ ਸੰਸਾਰ ਵਿਚ ਅਗਵਾ ਕਰ ਲਿਆ ਗਿਆ ਹੈ।

ਨੌਵੇਂ ਸਿੱਖ ਗੁਰੂ, ਗੁਰੂ ਤੇਗ ਬਹਾਦਰ ਜੀ ਨੇ 15 ਰਾਗਾਂ ਵਿਚ 57 ਸਲੋਕ ਅਤੇ 59 ਹੋਰ ਰਚਨਾਵਾਂ (ਸ਼ਬਦ) ਉਚਾਰਨ ਕੀਤੇ ਹਨ। ਆਪ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ । ਇਹ ਸ਼ਬਦ ਵਿਸ਼ਿਆਂ ਦੀ ਵਿਭਿੰਨ ਸ਼੍ਰੇਣੀ ਨੂੰ ਕਵਰ ਕਰਦੇ ਹਨ। ਇੱਕ ਦਰਜਨ ਸ਼ਬਦ ਅਤੇ ਤਿੰਨ ਦਰਜਨ ਤੋਂ ਵੱਧ ਸਲੋਕ ਮਨੁੱਖੀ ਮਨ ਦੀਆਂ ਸਮੱਸਿਆਵਾਂ ਅਤੇ ਮਨੁੱਖੀ ਮੰਜ਼ਿਲ ਤੇ ਇਸ ਦੇ ਪ੍ਰਭਾਵ ਨੂੰ ਸਿੱਧੇ ਤੌਰ ਤੇ ਸੰਬੋਧਿਤ ਕਰਦੀਆਂ ਹਨ। ਇਹ ਸ਼ਬਦ ਗੁਰੂ ਸਾਹਿਬ ਦੀ ਸਮੁੱਚੀ ਬਾਣੀ ਦਾ 20 ਪ੍ਰਤੀਸ਼ਤ ਤੋਂ

ਵੀ ਵੱਧ ਹਿੱਸਾ ਹੈ। ਆਪਣੀਆਂ ਰਚਨਾਵਾਂ ਵਿਚ ਗੁਰੂ ਜੀ ਮਨੁੱਖ ਦੇ ਮਨ ਦੀਆਂ ਜਾਨਵਰਾਂ ਵਾਲੀਆਂ ਆਦਤਾਂ ਅਤੇ ਮੂਲ ਦਾ ਵਰਣਨ ਕਰਦੇ ਹਨ। ਆਪ ਜੀ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਮਨ ਦੀ ਚੰਚਲਤਾ ਕਿਸੇ ਦੇ ਨਿਰਧਾਰਤ ਜੀਵਨ ਟੀਚਿਆਂ ਦੀ ਪ੍ਰਾਪਤੀ ਵਿੱਚ ਨਾਖੁਸ਼ੀ ਅਤੇ ਅਸਫਲਤਾ ਦਾ ਮੁਢਲਾ ਕਾਰਨ ਹੈ।

ਗੁਰੂ ਜੀ ਬੇਨਤੀ ਕਰਦੇ ਹਨ ਕਿ ਮਨੁੱਖ ਆਪਣੀ ਮਾਨਸੀ ਊਰਜਾ ਨੂੰ ਰੋਕ ਸਕਦਾ ਹੈ ਅਤੇ ਚੰਗੇ ਪਾਸੇ ਲਗਾ ਸਕਦਾ ਹੈ। ਕੋਈ ਵਿਅਕਤੀ ਆਪਣੇ ਮਨ ਨੂੰ ਇਸ ਦੀਆਂ ਪਸ਼ੂਵਾਦੀ ਰੁਝਾਨਾਂ ਤੋਂ ਭਟਕਾਉਣ ਅਤੇ ਇਸ ਨੂੰ ਰੂਹਾਨੀ ਗਿਆਨ ਪ੍ਰਾਪਤ ਕਰਨ ਦੀ ਜਨਮ ਦੀ ਚਾਹਤ ਵੱਲ ਮੋੜ ਕੇ ਅਜਿਹਾ ਕਰ ਸਕਦਾ ਹੈ। ਇਸ ਨੂੰ ਪ੍ਰਾਪਤ ਕਰਨ ਲਈ, ਵੱਖ ਵੱਖ ਧਰਮਾਂ ਅਤੇ ਮਨੋ ਵਿਗਿਆਨ ਨੇ ਕਈ ਤਰੀਕੇ ਤਿਆਰ ਕੀਤੇ ਹਨ। ਗੁਰੂ ਜੀ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਬ੍ਰਹਮ ਕ੍ਰਿਪਾ (ਇਕ ਓਂਕਾਰ) ਦੀ ਨਿਰੰਤਰ ਇੱਛਾ ਨਾਲ ਅਤੇ ਦਿਆਲੂ ਅਤੇ ਸੰਤੁਸ਼ਟ ਹੋਣ ਦੇ ਰਵੱਈਏ ਨਾਲ, ਮਨੁੱਖ ਆਪਣੇ ਮਨ ਨੂੰ ਕਾਇਮ ਰੱਖਣ ਦਾ ਟੀਚਾ ਪ੍ਰਾਪਤ ਕਰ ਸਕਦਾ ਹੈ।

## ਮਨ: ਵਿਪਰੀਤ ਵਿਚਾਰ

ਸਾਡੀ ਦੁਨੀਆ ਦੀਆਂ ਵਿਕਾਸਵਾਦੀ ਚੁਣੌਤੀਆਂ ਦੇ ਜਵਾਬ ਵਿੱਚ, ਪੱਛਮੀ ਚਿੰਤਕ ਅਤੇ ਦਾਰਸ਼ਨਿਕ ਤਾਰੇ, ਗਲੈਕਸੀਆਂ ਅਤੇ ਬ੍ਰਹਿਮੰਡ ਵਰਗੀਆਂ ਬਾਹਰੀ ਦੁਨੀਆ ਦੀ ਪੜਤਾਲ ਵਿੱਚ ਲੱਗੇ ਹੋਏ ਹਨ। ਉਹ ਕੁਦਰਤੀ ਵਾਤਾਵਰਣ ਨੂੰ ਮਨੁੱਖੀ ਲਾਭ ਲਈ ਜਾਂ ਇਸ ਉੱਤੇ ਨਿਯੰਤਰਣ ਪਾਉਣ ਦੇ ਤਰੀਕੇ ਲੱਭ ਰਹੇ ਹਨ।

ਇਸ ਦੇ ਬਿਲਕੁਲ ਉਲਟ, ਪੂਰਬੀ ਧਰਮਾਂ, ਖ਼ਾਸਕਰ ਸਿੱਖੀ, ਇਸ ਅਧਾਰ ਨਾਲ ਆਰੰਭ ਹੁੰਦੀਆਂ ਹਨ ਕਿ ਮਨੁੱਖੀ ਮਨ ਕੁਦਰਤੀ ਸੰਸਾਰ ਅਤੇ ਮਨੁੱਖੀ ਵਿਕਾਸ ਨੂੰ ਸਮਝਣ ਅਤੇ ਚਲਾਉਣ ਲਈ ਕੇਂਦਰੀ ਹੈ। ਮਨ ਅਨੰਦ ਅਤੇ ਦੁੱਖ ਦੋਵਾਂ ਦਾ ਇੱਕ ਮੁਢਲਾ ਸਰੋਤ ਹੈ। ਮਾਨਸਿਕ ਸਥਿਤੀ ਤੇ ਕਾਰਜਸ਼ੀਲਤਾ ਮਨੁੱਖੀ ਵਿਕਾਸ ਲਈ ਮਹੱਤਵਪੂਰਨ ਹੈ। ਸਿੱਖੀ ਨੇ ਦੱਸਿਆ ਕਿ ਬਾਹਰਲੀਆਂ ਤਸਵੀਰਾਂ ਮਨੁੱਖੀ ਮਨ ਦਾ ਪ੍ਰਤੀਬਿੰਬ ਹਨ। ਇਹ ਦਰਦ ਅਤੇ ਅਨੰਦ ਦਾ ਮੂਲ ਸਰੋਤ ਹੈ। ਗੁਰਬਾਣੀ ਨੇ ਵਾਰ ਵਾਰ ਜ਼ੋਰ ਦੇ ਕੇ ਕਿਹਾ ਕਿ ਮਨੁੱਖੀ ਜੀਵਨ ਜ਼ਿੰਦਗੀ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਦਾ ਇਕ ਅਵਸਰ ਹੈ।

ਮੌਜੂਦਾ ਸ਼ਬਦਾਵਲੀ ਵਿੱਚ, ਮਨ (ਮਨ) ਨੂੰ ਮੀਨੋਮ ਦੱਸਿਆ ਗਿਆ ਹੈ। ਮੀਮਜ਼ ਦੇ ਇੱਕ ਪੂਰੇ ਸਮੂਹ ਨੂੰ ਮੀਨੋਮ ਕਿਹਾ ਜਾਂਦਾ ਹੈ। ਮੀਮ ਯੂਨਾਨੀ ਸ਼ਬਦ ਮਾਈਮੇਸਿਸ ਤੋਂ ਬਣਿਆ ਸ਼ਬਦ ਹੈ ਜਿਸਦਾ ਅਰਥ ਹੈ ਨਕਲ। ਬ੍ਰਿਟਿਸ਼ ਜੀਵ-ਵਿਗਿਆਨੀ ਰਿਚਰਡ ਡਾਕੀਨਜ਼ ਨੇ ਮਨੁੱਖ ਦੁਆਰਾ ਸਮਝੀ ਗਈ ਬੌਧਿਕ ਜਾਂ ਅਤੇ ਲੰਬੇ ਸਮੇਂ ਤੱਕ ਇਸ ਤੌਰ ਤੇ ਪਛਾਣਿਆ ਜਾਂਦਾ ਰਿਹਾ ਹੈ।

## ਲੇਖ: ਡਾ. ਭਾਈ ਹਰਬੰਸ ਲਾਲ

ਮੀਮਜ਼ ਬਣਦੇ ਹਨ ਜਦੋਂ ਸਾਡੀ ਦਿਮਾਗੀ ਪ੍ਰਣਾਲੀ, ਵਿਕਾਸਵਾਦੀ ਪ੍ਰਵਿਰਤੀਆਂ ਦਾ ਭੰਡਾਰ, ਇੱਕ ਨਵੇਂ ਤਜ਼ੁਰਬੇ ਤੇ ਪ੍ਰਤੀਕ੍ਰਿਆ ਕਰਦਾ ਹੈ। ਨਤੀਜੇ ਵਜੋਂ ਮਾਨਸਿਕ ਗਤੀਵਿਧੀ ਇਕ ਰੂਪ ਵਿਚ ਵਿਲੱਖਣ ਮੁਹਾਰਤ ਨੂੰ ਤਿਆਰ ਕਰਦੀ ਹੈ ਜੋ ਦੂਜਿਆਂ ਨੂੰ ਸਟੋਰ ਅਤੇ ਸੰਚਾਰਿਤ ਕੀਤੀ ਜਾ ਸਕਦੀ ਹੈ। ਪਿਛਲੀਆਂ ਪ੍ਰਵਿਰਤੀਆਂ ਦੇ ਨਾਲ ਜੋੜ ਕੇ, ਮੀਮਜ਼ ਦਾ ਇੱਕ ਪੂਰਾ ਸਮੂਹ ਮਨੁੱਖੀ ਫੈਕਲਟੀ ਨੂੰ ਮੀਨੋਮ ਕਿਹਾ ਜਾਂਦਾ ਹੈ। ਮੀਮਜ਼ ਕੋਡਡ ਇਕਾਈਆਂ ਹਨ। ਇਹ ਮੇਨੋਮ ਤੋਂ ਮੇਨੋਮ ਜਾਂ ਇਕ ਮਨੁੱਖੀ ਦਿਮਾਗ ਤੋਂ ਦੂਜੇ ਮਨ ਵਿਚ ਜਾ ਸਕਦੇ ਹਨ, ਸਾਡੀ ਸੋਚ ਪ੍ਰਕਿਰਿਆ ਨੂੰ ਪ੍ਰਭਾਵਤ ਕਰਦੀਆਂ ਹਨ। ਇਹ ਸਮਾਜ ਵਿੱਚ ਇਸ ਦੇ ਨਤੀਜਿਆਂ ਵਿੱਚ ਮਨੁੱਖੀ ਜੀਨਾਂ ਉੱਤੇ ਲਿਖੀਆਂ ਰਸਾਇਣਕ ਕੋਡ ਵਾਲੀਆਂ ਹਦਾਇਤਾਂ ਦੇ ਸਮਾਨ ਹੈ ਜੋ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਵਿੱਚ ਜੈਨੇਟਿਕ ਜਾਣਕਾਰੀ ਨੂੰ ਪਾਸ ਕਰਦੀਆਂ ਹਨ। ਨਵੀਂ ਸ਼ਬਦਾਵਲੀ ਦੇ ਸ਼ਬਦਾਂ ਵਿਚ, ਮਨ ਨੂੰ ਸਮਝਣ ਲਈ, ਇਹ ਸਵੀਕਾਰ ਕਰਨਾ ਲਾਜ਼ਮੀ ਹੈ ਕਿ ਮਨ ਦੀ ਸਭ ਤੋਂ ਛੋਟੀ ਇਮਾਰਤ ਇਕ ਮੀਮ ਹੈ। ਸਿਮੈਟਿਕ ਜਾਣਕਾਰੀ ਇੱਕ ਵਿਅਕਤੀ ਤੋਂ ਦੂਜੇ ਸਮਾਜ ਵਿੱਚ, ਇੱਕ ਸਮਾਜ ਤੋਂ ਦੂਜੇ ਸਮਾਜ ਵਿੱਚ, ਅਤੇ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਵਿੱਚ ਲੰਘਦੀ ਹੈ। ਮੀਮਜ਼ ਦਾ ਇਹ ਪਹਿਲੂ ਇਸ ਨੂੰ ਭਵਿੱਖ ਦੇ ਮਨੁੱਖੀ ਵਿਕਾਸ ਦਾ ਸਾਧਨ ਬਣਾਉਂਦਾ ਹੈ।




ਗੁਰਦੁਆਰਾ ਸਾਹਿਬ ਧੁੱਬਰੀ, ਅਸਾਮ

ਸਹਿਜ ਦਿਮਾਗ ਨੂੰ ਸਮਝਣ ਲਈ, ਸਾਨੂੰ ਜਨਮ ਤੋਂ ਪਹਿਲਾਂ ਦੀ ਮਨੁੱਖੀ ਜੀਵਨੀ ਦੀ ਪੜਤਾਲ ਕਰਨੀ ਚਾਹੀਦੀ ਹੈ। ਸਾਨੂੰ ਆਪਣੇ ਪਸ਼ੂਆਂ ਅਤੇ ਮਨੁੱਖਾਂ ਦੇ ਪੂਰਵਜਾਂ ਦੇ ਜੀਵਨ ਤੋਂ, ਕ੍ਰਮ ਲਈ ਪੁਰਾਣੇ ਸਮੇਂ ਦੀ ਘੋਖ ਕਰਨੀ ਚਾਹੀਦੀ ਹੈ, ਜਿਸ ਨਾਲ ਅਸੀਂ ਜੈਨੇਟਿਕ ਸੰਪਰਕ ਸਾਂਝੇ ਕਰਦੇ ਹਾਂ। ਈਸਾਈ ਧਰਮ ਸ਼ਾਸਤਰ ਜਨਮ ਤੋਂ ਪਹਿਲਾਂ ਦੇ ਮਨੁੱਖੀ ਇਤਿਹਾਸ ਨੂੰ ਅਸਲ ਪਾਪ ਦੇ ਸਿਧਾਂਤ ਵਜੋਂ ਪਰਿਭਾਸ਼ਤ ਕਰਦੇ ਹਨ। ਇਹ ਸੰਕੇਤ ਕਰਦਾ ਹੈ ਕਿ ਮਨੁੱਖ ਪਾਪੀ ਮਨ ਨਾਲ ਪੈਦਾ ਹੋਏ ਹਨ। ਪੂਰਬੀ ਧਰਮ ਜੀਵਵਾਦੀ ਮਨੁੱਖੀ ਮਨ ਦੇ ਵਿਕਾਸ ਨੂੰ ਪ੍ਰਭਾਸ਼ਿਤ ਕਰਨ ਲਈ ਕਰਮਾਂ ਦੇ ਨਿਯਮ ਦਾ ਸਹਾਰਾ ਲੈਂਦੇ ਹਾਂ। ਆਧੁਨਿਕ ਵਿਗਿਆਨ ਮਨੁੱਖੀ ਮਨ ਨੂੰ ਜਾਨਵਰਾਂ ਅਤੇ

ਮਨੁੱਖੀ ਵਿਕਾਸ ਦੀ ਕੁੱਲ ਮਿਤੀ ਤੱਕ ਪੂਰਾ ਸਮਝਦਾ ਹੈ। ਜੋ ਵੀ ਤਰੀਕੇ ਨਾਲ ਕੋਈ ਮਨ ਦੀ ਵਿਆਖਿਆ ਕਰ ਸਕਦਾ ਹੈ, ਇਹ ਨਿਸ਼ਚਤ ਤੌਰ 'ਤੇ ਇਹ ਹੈ ਕਿ ਜਨਮ ਤੋਂ ਪਹਿਲਾਂ ਦੇ ਮਨੁੱਖੀ ਜੀਵਨ ਨੇ ਮਨੁੱਖੀ ਮਨ ਨੂੰ ਪ੍ਰਭਾਵਤ ਕੀਤਾ ਹੈ। ਇਹ ਜਾਨਵਰਾਂ ਦੇ ਸੰਸਾਰ ਦੇ ਇਤਿਹਾਸ ਵਿੱਚ ਵਾਪਰਿਆ ਹੈ। ਮਨੁੱਖ ਪਿਛਲੇ ਜੀਵਨ ਚੱਕਰ ਵਿਚ ਅਨੇਕਾਂ ਜੀਵਣ ਰੂਪਾਂ ਵਿਚੋਂ ਲੰਘਿਆ ਹੈ, ਇਕੋ ਸੈਲਿਲਰ ਜੀਵਣ ਤੋਂ ਲੈ ਕੇ ਆਦਿਮ ਮਨੁੱਖੀ ਰੋਗਾਂ ਤਕ। ਸਿੱਖ ਧਰਮ ਸ਼ਾਸਤਰ ਇਸ ਵਿਕਾਸਵਾਦੀ ਸਿਧਾਂਤ ਦਾ ਸਮਰਥਨ ਕਰਦੇ ਹਨ ਅਤੇ ਕਹਿੰਦੇ ਹਨ

ਪਸੁ ਪੰਖੀ ਬਿਰਖ ਅਸਥਾਵਰ ਬਹੁ ਬਿਧਿ ਜੋਨਿ ਭ੍ਰਮਿਓ ਅਤਿ ਭਾਰੀ ॥ (ਅੰਗ 1388) ਮਨੁੱਖਾਂ ਵਿੱਚ ਮੌਜੂਦ ਜੀਵ-ਜੰਤੂ ਰੁਝਾਨਾਂ ਦਾ ਗੁਰਬਾਣੀ ਵਿੱਚ ਵਰਣਨ ਕੀਤਾ ਗਿਆ ਹੈ:

ਕਰਤੂਤਿ ਪਸੂ ਕੀ ਮਾਨਸ ਜਾਤਿ ॥

## ਮਨੁੱਖੀ ਤਜ਼ਰਬੇ

ਵਿਕਾਸਵਾਦੀ ਤਜ਼ਰਬਿਆਂ ਦੇ ਜਨਮ ਤੋਂ ਪਹਿਲਾਂ ਦੇ ਇਤਿਹਾਸ ਦੇ ਅਧਿਐਨ ਤੋਂ ਇਹ ਪਤਾ ਚਲਦਾ ਹੈ ਕਿ ਬਚਾਅ ਦਾ ਸਿਧਾਂਤ ਬਹੁਤ ਸਾਰੇ ਜੀਵਨ ਚੱਕਰਾਂ ਦਾ ਇਕਲੌਤਾ ਤਜਰਬਾ ਸੀ। ਮਨੁੱਖੀ ਦਿਮਾਗ 'ਤੇ ਛਾਪ ਛੱਡਦਿਆਂ ਵਿਕਾਸਵਾਦ ਦੇ ਇਤਿਹਾਸ ਦੇ ਦੌਰ ਵਿੱਚ ਸਰੀਰਕ ਬਚਾਅ ਲਈ ਸਰਬੋਤਮ ਵਿਹਾਰਕ ਰਣਨੀਤੀਆਂ ਦੀ ਚੋਣ ਕਰਨ ਵਿੱਚ ਸਾਡੇ ਆਦਿਵਾਸੀ ਮਨੁੱਖਾਂ ਦੇ ਪੂਰਵਜਾਂ ਨੂੰ ਸੇਧ ਦਿੱਤੀ। ਉਨ੍ਹਾਂ ਨੇ ਆਪਣੀ ਭੁੱਖ ਮਿਟਾਉਣ ਲਈ ਆਪਣਾ ਬਹੁਤਾ ਸਮਾਂ ਭੋਜਨ ਭਾਲਣ ਅਤੇ ਲੜਨ ਵਿਚ ਬਿਤਾਉਣਾ ਸਿੱਖਿਆ। ਉਨ੍ਹਾਂ ਨੇ ਸਵੈ-ਰੱਖਿਆ ਵਿਚ ਲੜਨ ਲਈ ਸਰੀਰਕ ਹੁਨਰ ਅਤੇ ਮਾਨਸਿਕ ਗੁੱਸਾ ਵਿਕਸਤ ਕੀਤਾ ਜਦੋਂ ਉਨ੍ਹਾਂ ਨੂੰ ਖ਼ਤਰਾ ਜਾਂ ਹਮਲਾ ਮਹਿਸੂਸ ਹੋਇਆ। ਉਨ੍ਹਾਂ ਜੀਨ ਦੇ ਪੈਦਾਵਾਰ ਅਤੇ ਸੰਭਾਲ ਲਈ ਵਿਰੋਧੀ ਲਿੰਗ ਦੇ ਮੈਂਬਰਾਂ ਨੂੰ ਚੁਣਿਆ। ਦੂਜੇ ਸ਼ਬਦਾਂ ਵਿਚ, ਉਨ੍ਹਾਂ ਦੀਆਂ ਲੋੜਾਂ ਉਪ-ਮਨੁੱਖੀ ਕਿਸਮਾਂ ਦੀਆਂ ਸਨ, ਅਤੇ ਉਨ੍ਹਾਂ ਦੀਆਂ ਹਾਸਲ ਕੀਤੀਆਂ ਕੁਸ਼ਲਤਾਵਾਂ ਅੱਜ ਦੀਆਂ ਲੋੜਾਂ ਦੇ ਮੁਕਾਬਲੇ ਪਸ਼ੂਵਾਦੀ ਸਨ। ਗੁਰਬਾਣੀ ਇਸ ਘਟਨਾ ਦਾ ਵਰਣਨ ਕਰਦੀ ਹੈ:

ਮਤਿ ਬੁਧਿ ਭਵੀ ਨ ਬੁਝਈ ਅੰਤਰਿ ਲੋਭ ਵਿਕਾਰੁ ॥
ਲਖ ਚਉਰਾਸੀਹ ਭਰਮਦੇ ਭ੍ਰਮਿ ਭ੍ਰਮਿ ਹੋਇ ਖੁਆਰੁ ॥

ਉਪ-ਮਨੁੱਖੀ ਮਾਨਸਿਕਤਾ ਦੇ ਪ੍ਰਭਾਵ ਅਜੇ ਵੀ ਸਾਡੇ ਵਿੱਚ ਮੌਜੂਦ ਹਨ। ਇਹ ਸਾਡੇ ਉਪ-ਮਨੁੱਖੀ ਇਤਿਹਾਸ ਦੇ ਸਬਕ ਹਨ। ਪਰ ਸਦਾ ਵਿਕਾਸਸ਼ੀਲ ਨਵੀਂ ਦੁਨੀਆਂ ਵਿਚ ਇਹ ਥੋੜ੍ਹੇ ਜਿਹੇ ਲਾਭ ਦਾਇਕ ਹਨ। ਸਗੋਂ, ਇਹ ਸਾਡੀ ਰੂਹਾਨੀ ਤਰੱਕੀ ਵਿਚ ਰੁਕਾਵਟ ਪਾਉਂਦੇ ਹਨ। ਇਸ ਤੋਂ ਇਲਾਵਾ, ਸਾਡੀ ਅਜੋਕੀ ਜ਼ਿੰਦਗੀ ਵਿਚ ਉਨ੍ਹਾਂ ਦਾ

ਪ੍ਰਗਟਾਵਾ ਬਹੁਤ ਸਾਰੇ ਦੁੱਖਾਂ ਦਾ ਕਾਰਨ ਬਣ ਜਾਂਦਾ ਹੈ ਕਿਉਂਕਿ ਮਨੁੱਖੀ ਮਨ ਮੇਮਜ਼ ਅਤੇ ਜੀਨਾਂ ਦੇ ਮੇਨੋਮ ਤੋਂ ਇਲਾਵਾ ਕੁਝ ਵੀ ਨਹੀਂ ਹੁੰਦਾ। ਮੀਮ-ਕੇਂਦ੍ਰਿਤ ਸਭਿਆਚਾਰ ਦਰਦ ਅਤੇ ਦੁਖਾਂ ਦਾ ਇੱਕ ਮਾਤਰ ਦਰਸਾਉਂਦਾ ਹੈ।

**ਮੇਮਜ਼, ਮੇਨੋਮਾਈਨ, ਜੀਨਸ ਅਤੇ ਮਾਈਂਡ:**

ਮੀਮਜ਼ ਬੌਧਿਕ ਜਾਂ ਸੱਭਿਆਚਾਰਕ ਜਾਣਕਾਰੀ ਦੀਆਂ ਇਕਾਈਆਂ ਹਨ ਜੋ ਮਨ ਤੋਂ ਦਿਮਾਗ ਵਿੱਚ ਲੰਘ ਸਕਦੀਆਂ ਹਨ। ਮੇਨੋਮ ਮੇਮਜ਼ ਦਾ ਪੂਰਾ ਸਮੂਹ ਹੈ। ਮੀਮਜ਼ ਰਸਾਇਣਕ ਕੋਡ ਵਾਲੀਆਂ ਇਕਾਈਆਂ ਜੀਨਾਂ ਵਰਗੇ ਹੁੰਦੇ ਹਨ। ਇਹ ਪੀੜ੍ਹੀ ਦਰ ਪੀੜ੍ਹੀ ਲੰਘ ਸਕਦੇ ਹਨ। ਮੀਮਜ਼ ਅੱਜ ਦੇ ਸਭਿਆਚਾਰ ਦੀ ਆਪਸੀ ਤਾਲਮੇਲ ਦੀਆਂ ਕਲਾਕ੍ਰਿਤੀਆਂ ਹਨ ਜੋ ਸਵੈ-ਕੇਂਦ੍ਰਿਤ ਜੀਨਾਂ ਦੇ ਪ੍ਰਭਾਵ ਨੂੰ ਵਧਾਉਂਦੀਆਂ ਹਨ। ਮੀਮਸ ਸਵੈ-ਕੇਂਦ੍ਰਿਤ ਹੁੰਦੇ ਹਨ ਕਿਉਂਕਿ ਉਹ ਦੂਜਿਆਂ ਦੇ ਵਿਚਾਰ ਜਾਂ ਤਜਰਬੇ ਹੁੰਦੇ ਹਨ। ਮੀਮਜ਼ ਆਪਣੇ ਮੇਜ਼ਬਾਨ ਮਨੁੱਖਾਂ ਤੇ ਪ੍ਰਭਾਵ ਦੇ ਪ੍ਰਤੀ ਵਿਸ਼ਾਲ ਉਦਾਸੀਨਤਾ ਨੂੰ ਦੁਹਰਾਉਣ ਅਤੇ ਸਹਿ-ਵਿਕਸਤ ਕਰਨ ਵਿਚ ਮਾਹਰ ਹਨ। ਉਹ ਮਨ ਨੂੰ ਸੰਕਰਮਿਤ ਕਰਦੇ ਹਨ ਤਾਂ ਜੋ ਜ਼ਿੰਦਗੀ ਦਾ ਅਸਲ ਉਦੇਸ਼ ਭੁੱਲ ਜਾਵੇ। ਇਹ ਬੁਰੀ ਤਰ੍ਹਾਂ ਬੇਅਰਾਮੀ, ਪਰੇਸ਼ਾਨ ਕਰਨ ਵਾਲੀ ਅਤੇ ਪਤੰਗ ਕਰਨ ਵਾਲੀ ਹੈ। ਗੁਰੂ ਤੇਗ ਬਹਾਦੁਰ ਇਸ ਨੂੰ ਇਸ ਤਰਾਂ ਬਿਆਨ ਕਰਦੇ ਹਨ।

ਭੂਲਿਓ ਮਨੁ ਮਾਇਆ ਉਰਝਾਇਓ ॥
ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ ॥

ਵਾਸਤਵ ਵਿੱਚ, ਸਭਿਆਚਾਰਕ ਮੇਮ ਨੇ ਆਪਣੀਆਂ ਨਕਲਾਂ ਨੂੰ ਸਭਿਆਚਾਰਕ ਸੰਦੇਸ਼ਾਂ ਦੁਆਰਾ ਫੈਲਾਇਆ। ਉਹ ਇਕ ਮਾਲਕ ਦੇ ਰੂਪ ਵਿਚ ਇਸ ਦੇ ਅਰਥਾਂ ਬਾਰੇ ਕਿਸੇ ਦੇ ਮਨ ਨੂੰ ਲੁੱਟਦੇ ਹਨ। ਉਹ ਕਿਸੇ ਦੀ ਜ਼ਿੰਦਗੀ ਨੂੰ ਬਹੁਤ ਹੀ ਭੈੜੇ ਅਤੇ ਘਿਣਾਉਣੇ ਕਰਨ ਦਾ ਭਾਰ ਲੈਂਦੇ ਹਨ। ਇਹ ਘ੍ਰਿਣਾ ਹੈ ਕਿ ਅਸੀਂ ਆਪਣੇ ਨਵੇਂ ਮਾਲਕ ਚਿੱਤ ਦੇ ਅਨੁਸਾਰ ਜਿਊਣ ਲਈ ਮਜਬੂਰ ਹਾਂ। ਮਨ ਅਤੇ ਸਭਿਆਚਾਰ ਦਾ ਇੱਕ ਮੀਮ-ਕੇਂਦ੍ਰਤ ਦ੍ਰਿਸ਼ਟੀਕੋਣ ਇੱਕ ਸ਼ਕਤੀਸ਼ਾਲੀ ਨਿਯੰਤਰਣ ਵਿਧੀ ਹੈ ਜੋ ਇੱਕ ਵਿਸ਼ਾਲ ਅਵਿਵਹਾਰਕ ਨਿਯੰਤਰਣ ਢਾਂਚੇ ਨੂੰ ਵਿਆਪਕ ਗੁੰਝਲਦਾਰ ਵਰਤਾਰੇ ਭਾਸ਼ਾ, ਵਿਗਿਆਨਕ ਸੋਚ, ਦਾਰਸ਼ਨਿਕ ਪ੍ਰਣਾਲੀਆਂ, ਰਾਜਨੀਤਿਕ ਵਿਵਹਾਰ, ਧਰਮ ਅਤੇ ਇੱਥੋਂ ਤੱਕ ਇਤਿਹਾਸ 'ਤੇ ਥੋਪਦੀ ਹੈ। ਇਸ ਤਰ੍ਹਾਂ ਉਹ ਸਾਰੇ ਕਦੇ ਨਾ ਖਤਮ ਹੋਣ ਵਾਲੇ ਦੁੱਖਾਂ ਲਈ ਸਾਡੀ ਕੈਦ ਦੇ ਸਾਧਨ ਬਣ ਜਾਂਦੇ ਹਨ। ਅਸਲ ਵਿਚ ਸਾਡੇ ਸੁੱਖ ਸਹੂਲਤਾਂ ਲਈ ਸਿਰਜਿਆ ਗਿਆ ਵਰਤਾਰਾ ਸਾਡੇ ਲਈ ਦੁੱਖਾਂ ਦੀਆਂ ਜੇਲ੍ਹਾਂ ਬਣ ਜਾਂਦਾ ਹੈ। ਸ਼ਾਇਦ, ਇਹੀ ਉਹ ਚੀਜ਼ ਹੈ ਜਿਸ ਨੇ ਗੁਰੂ ਤੇਗ ਬਹਾਦਰ ਨੂੰ ਸਾਡੀ ਪ੍ਰਸਿੱਧ ਸਭਿਆਚਾਰਾਂ ਅਤੇ ਮਨੋਵਿਗਿਆਨਕ ਬੰਧਨਾਂ ਨਾਲ ਜੁੜੇ ਮਿਥਿਹਾਸਕ ਦੁਆਰਾ ਪੈਦਾ ਕੀਤੇ ਮੀਮ ਦਾ ਵਰਣਨ ਕਰਨ ਲਈ ਮਜਬੂਰ ਕੀਤਾ।

## ਲੇਖ: ਡਾ. ਭਾਈ ਹਰਬੰਸ ਲਾਲ

ਸਗਲ ਜਨਮ ਭਰਮ ਹੀ ਭਰਮ ਖੋਇਓ ਨਹ ਅਸਥਿਰੁ ਮਤਿ ਪਾਈ ॥
ਬਿਖਿਆਸਕਤ ਰਹਿਓ ਨਿਸ ਬਾਸੁਰ ਨਹ ਛੂਟੀ ਅਧਮਾਈ ॥

**ਦਿਮਾਗ ਦੀ ਚਚਕ**

ਮਨੁੱਖੀ ਮਨ ਇੰਨਾ ਸ਼ਕਤੀਸ਼ਾਲੀ ਹੈ ਕਿ ਇਹ ਮਨੁੱਖ ਨੂੰ ਕੁਝ ਵੀ ਕਰਨ ਲਈ ਮਜਬੂਰ ਕਰ ਸਕਦਾ ਹੈ, ਇਹ ਸਭ ਤੋਂ ਉੱਤਮ ਹੋ ਸਕਦਾ ਹੈ ਜਾਂ ਸਭ ਤੋਂ ਮਾੜਾ। ਹਾਲਾਂਕਿ ਮਨੁੱਖਾ ਮਨ ਪ੍ਰਾਣੀ ਸੰਸਾਰ ਵਿੱਚ ਕੁਦਰਤ ਦਾ ਸਭ ਤੋਂ ਉੱਚਾ ਪ੍ਰਗਟਾਵਾ ਹੈ, ਇਹ ਸੁਭਾਵਕ ਰੂਪ ਵਿੱਚ ਚਚਕਦਾ ਹੈ (1) ਮਨ ਦੀ ਇਹ ਵਿਸ਼ੇਸ਼ਤਾ ਉਸ ਵਿਅਕਤੀ ਦੇ ਜੀਵਨ ਵਿੱਚ ਆਉਣ ਵਾਲੇ ਸਾਰੇ ਦੁੱਖਾਂ ਦਾ ਸ੍ਰੋਤ ਹੈ। ਮਨ ਦੀ ਬੇਚੈਨੀ ਵਿਚ ਕਈ ਕਾਰਕ ਯੋਗਦਾਨ ਪਾਉਂਦੇ ਹਨ। ਮਨ ਦੀ ਪ੍ਰਕਿਰਤੀ ਗੁਰੂ ਤੇਗ ਬਹਾਦਰ ਦੁਆਰਾ ਦਰਸਾਇਆ ਗਿਆ ਹੈ;

ਸਾਧੋ ਇਹੁ ਮਨੁ ਗਹਿਓ ਨ ਜਾਈ ॥
ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ ॥

ਗੁਰਬਾਣੀ ਮਨ ਦੀ ਬੇਚੈਨੀ ਨੂੰ ਪਰਿਭਾਸ਼ਿਤ ਕਰਦੀ ਹੈ: ਮਨ ਨਿਰੰਤਰ ਰੂਪ ਤੋਂ ਅਸਥਾਈ ਚੀਜ਼ਾਂ ਦੇ ਪਿੱਛੇ ਭੱਜਦਾ, ਭਰਮਾਂ, ਚਤੁਰਾਈਆਂ, ਅਤੇ ਭੈੜੀਆਂ ਭਾਵਨਾਵਾਂ ਵਿੱਚ ਉਲਝਿਆ ਹੋਇਆ ਹੈ। ਇਹ ਸਦਾ ਅਸੰਤੁਸ਼ਟ ਰਹਿੰਦਾ ਹੈ ਅਤੇ ਹੋਰ ਅਤੇ ਹੋਰ ਸੰਸਾਰਕ ਲਾਭਾਂ ਲਈ ਬੇਨਤੀ ਕਰਦਾ ਹੈ। ਗੁਰੂ ਤੇਗ ਬਹਾਦਰ ਜੀ ਬਾਣੀ ਵਿਚ ਇਸ ਹਕੀਕਤ ਨੂੰ ਦਰਸਾਉਂਦੇ ਹਨ;

ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ ॥

**ਮਨ ਦੀ ਤਬਦੀਲੀ**

ਗੁਰੂ ਤੇਗ ਬਹਾਦੁਰ ਨੇ ਸਾਡੇ ਮੈਮਜ਼ ਅਤੇ ਉਨ੍ਹਾਂ ਦੇ ਭੰਡਾਰ (ਮਨ) ਦੁਆਰਾ ਸਾਡੇ ਜੀਵਨ ਟੀਚਿਆਂ ਦੇ ਅਸਲ ਨੁਕਸਾਨ ਤੇ ਜ਼ੋਰ ਦਿੱਤਾ। ਜੀਨਾਂ, ਮੀਮਜ਼, ਜੈਨੇਟਿਕ ਨਿਰਦੇਸ਼ਾਂ ਅਤੇ ਮਿਮੈਟਿਕ ਪਾਠ ਦੇ ਨਿਯੰਤਰਣ ਅਧੀਨ, ਮਨੁੱਖੀ ਮਨ ਸਧਾਰਣ ਗਿਆਨ ਦਿੰਦਾ ਹੈ। ਇਹ ਸਿਰਫ ਸਰੀਰਕ ਅਤੇ ਵਾਤਾਵਰਣਕ ਸਥਿਤੀਆਂ ਤੇ ਲਾਗੂ ਹੁੰਦਾ ਹੈ। ਇਹ ਸਾਨੂੰ ਉਨ੍ਹਾਂ ਤਰੀਕਿਆਂ ਨਾਲ ਕੰਮ ਕਰਨ ਲਈ ਪ੍ਰੇਰਿਤ ਕਰਦਾ ਹੈ ਜੋ ਪਿਛਲੇ ਸਮੇਂ ਵਿੱਚ ਆਮ ਤੌਰ ਤੇ ਸਮਾਨ ਹਾਲਤਾਂ ਲਈ ਲਾਭਦਾਇਕ ਰਹੇ ਹਨ। ਉਦਾਹਰਣ ਦੇ ਲਈ, ਮਨੁੱਖ ਸੱਪ ਜਾਂ ਹੋਰ ਖਤਰਨਾਕ ਜਾਨਵਰਾਂ ਤੋਂ ਬਚਣ ਲਈ ਜੈਨੇਟਿਕ ਤੌਰ ਤੇ ਲੈਸ ਹੋ ਸਕਦਾ ਹੈ ਪਰ ਬੇਈਮਾਨੀ ਵਾਲੇ ਵਿਅਕਤੀਆਂ, ਮੌਲਵੀਆਂ, ਸੰਤਾਂ ਅਤੇ ਬਹੁਤ ਸਾਰੇ ਪਦਾਰਥਵਾਦੀ ਰੋਲ ਮਾਡਲਾਂ ਤੋਂ ਪਰਹੇਜ਼ ਕਰਨ ਦੇ ਅਯੋਗ ਹੈ, ਜੋ ਸਾਡੀ ਚੇਤਨਾ ਅਤੇ ਅਧਿਆਤਮਕ ਟੀਚਿਆਂ ਲਈ ਵਧੇਰੇ ਜ਼ਹਿਰੀਲੇ ਹੋ ਸਕਦੇ

ਹਨ। ਇਸ ਤਰਾਂ, ਅਜਿਹੀ ਬੁੱਧੀ ਗਿਆਨ ਦੀਆਂ ਸਾਡੀਆਂ ਲੋੜਾਂ ਨਾਲ ਮੇਲ ਖਾਂਦੀ ਨਹੀਂ ਹੈ।

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥

ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ ॥
ਨਿਹਫਲ ਧਰਮੁ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ ਯਾ ਕਉ ॥

ਮਨੁੱਖੀ ਇੱਛਾ ਸ਼ਕਤੀ ਦੀ ਪਛਾਣ ਕਰਦਿਆਂ, ਗੁਰੂ ਜੀ ਨੇ ਘੋਸ਼ਣਾ ਕੀਤੀ ਕਿ ਮਨੁੱਖ ਹੀਣ ਭਾਵਨਾ ਉੱਤੇ ਕੰਟਰੋਲ ਕਰ ਸਕਦਾ ਹੈ ਅਤੇ ਅਨੰਤ ਗਿਆਨ (ਪਰਮਾਤਮਾ) ਨਾਲ ਜੋੜਨ ਦੀ ਯੋਗਤਾ ਰੱਖਦਾ ਹੈ।

ਪਰ ਨਿੰਦਾ ਉਸਤਤਿ ਨਹ ਜਾ ਕੈ ਕੰਚਨ ਲੋਹ ਸਮਾਨੋ॥
ਹਰਖ ਸੋਗ ਤੇ ਰਹੈ ਅਤੀਤਾ ਜੋਗੀ ਤਾਹਿ ਬਖਾਨੋ॥

**ਸਿੱਟੇ**

ਨਿਰੰਤਰ ਸਭਿਆਚਾਰਕ ਕੈਦ ਦੇ ਕਾਰਨ, ਮਨੁੱਖੀ ਮਨ ਭਟਕਦਾ ਰਹਿੰਦਾ ਹੈ ਅਤੇ ਕਦੇ ਵੀ ਸ਼ਾਂਤ ਹੋਣਾ ਨਹੀਂ ਸਿੱਖਦਾ। ਪਹਿਲਾਂ, ਸਾਡੇ ਜੀਨਾਂ ਨੇ ਸਾਨੂੰ ਅਜਿਹਾ ਬਣਾਇਆ ਸੀ, ਅਤੇ ਹੁਣ ਸਾਡੇ ਸਭਿਆਚਾਰਕ ਰੁਕਾਵਟਾਂ ਨੇ ਜਤਤ ਪ੍ਰਕਿਰਿਆ ਨੂੰ ਆਪਣੇ ਹੱਥਾਂ ਵਿਚ ਲੈ ਲਿਆ ਹੈ। ਅਜੋਕੇ ਸਮੇਂ ਵਿਚ ਮਨ ਦੀ ਚੁੰਗਲ ਇੰਨੀ ਜ਼ਿਆਦਾ ਮਜ਼ਬੂਤ ਹੋ ਗਈ ਹੈ ਕਿ ਇਸ ਨੇ ਸਾਨੂੰ ਬੇਵੱਸ ਬਣਾਇਆ ਹੈ। ਗੁਰੂ ਤੇਗ ਬਹਾਦਰ ਜੀ ਨੇ ਸਾਨੂੰ ਇਸ ਬੇਵਸੀ ਬਾਰੇ ਚੇਤਾਵਨੀ ਦਿੱਤੀ। ਗੁਰੂ ਤੇਗ ਬਹਾਦੁਰ ਨੇ ਦਰਸਾਇਆ ਕਿ ਮਨੁੱਖ ਨੂੰ ਆਪਣੇ ਆਪ ਜਾਨਵਰਾਂ ਦੇ ਮਨ ਦੀ ਪਕੜ ਤੋਂ ਬਚਾਉਣ ਲਈ 'ਅਨੰਤ ਗਿਆਨ' ਦੀ ਕਿਰਪਾ ਲੈਣੀ ਚਾਹੀਦੀ ਹੈ।

ਗੁਰੂ ਤੇਗ ਬਹਾਦੁਰ ਨੇ ਅਸਲ ਨੁਕਸਾਨ ਜੋ ਸਾਡੇ ਮੈਮੇਜ ਅਤੇ ਉਨ੍ਹਾਂ ਦੇ ਭੰਡਾਰ (ਮਨ) ਦੁਆਰਾ ਸਾਡੇ ਜੀਵਨ ਟੀਚਿਆਂ ਨੂੰ ਕੀਤਾ ਜਾਂਦਾ ਹੈ, ਵੱਲ ਸਾਡਾ ਧਿਆਨ ਦਿਵਾਇਆ। ਜਿਵੇਂ ਕਿ ਮਨ ਲਾਜ਼ਮੀ ਤੌਰ 'ਤੇ ਜੀਨਾਂ ਅਤੇ ਮੀਮਾਂ ਦੇ ਨਿਯੰਤਰਣ ਅਧੀਨ ਹੈ, ਜੈਨੇਟਿਕ ਨਿਰਦੇਸ਼ ਅਤੇ ਮਿਮੈਟਿਕ ਪਾਠ ਕੁਝ ਆਮ ਬੁੱਧੀ ਪ੍ਰਦਾਨ ਕਰਦੇ ਹਨ, ਜੋ ਸਿਰਫ ਮਨੁੱਖੀ ਪ੍ਰਭਾਵਿਤ ਕਰਨ ਵਾਲੀਆਂ ਸਰੀਰਕ ਅਤੇ ਵਾਤਾਵਰਣਿਕ ਸਥਿਤੀਆਂ 'ਤੇ ਲਾਗੂ ਹੁੰਦਾ ਹੈ। ਇਹ ਸਾਨੂੰ ਉਨ੍ਹਾਂ ਤਰੀਕਿਆਂ ਨਾਲ ਕੰਮ ਕਰਨ ਲਈ ਪ੍ਰੇਰਿਤ ਕਰਦਾ ਹੈ ਜੋ ਆਮ ਤੌਰ ਤੇ ਸਮਾਨ ਮੁਸ਼ਕਲਾਂ ਲਈ ਪਿਛਲੇ ਸਮੇਂ ਵਿੱਚ ਮਦਦਗਾਰ ਹੁੰਦੇ ਸਨ। ਉਦਾਹਰਣ ਦੇ ਤੌਰ ਤੇ, ਮਨੁੱਖ ਸੱਪ ਜਾਂ ਹੋਰ ਖਤਰਨਾਕ ਜਾਨਵਰਾਂ ਤੋਂ ਬਚਣ ਲਈ ਜੈਨੇਟਿਕ ਤੌਰ 'ਤੇ ਲੈਸ ਹੋ ਸਕਦਾ ਹੈ ਪਰ ਬੇਈਮਾਨੀ ਵਾਲੇ, ਵਿਅਕਤੀਆਂ, ਨਿਰਮਾਣ ਵਿਸ਼ਵਾਸੀ ਸੰਤਾਂ, ਸੁਆਰਥੀ ਅਤੇ ਅਨਪੜ੍ਹ ਮੌਲਵੀਆਂ ਅਤੇ

ਹੋਰ ਬਹੁਤ ਸਾਰੇ ਵਿਸ਼ਵਵਿਆਪੀ ਰੋਲ ਮਾਡਲਾਂ ਤੋਂ ਬਚਣ ਦੇ ਅਯੋਗ ਹੈ, ਜੋ ਸਾਡੀ ਚੇਤਨਾ ਅਤੇ ਰੂਹਾਨੀ ਲਈ ਅਕਸਰ ਵਧੇਰੇ ਜ਼ਹਿਰੀਲੇ ਹੁੰਦੇ ਹਨ।

ਇਸ ਤਰ੍ਹਾਂ, ਜੈਨੇਟਿਕ ਬੁੱਧੀ ਰੂਹਾਨੀ ਤਰੱਕੀ ਦੀਆਂ ਮਨੁੱਖੀ ਜ਼ਰੂਰਤਾਂ ਦੇ ਅਨੁਕੂਲ ਹੈ। ਇਹ ਮੇਲ ਖਾਂਦਾ ਅੱਜ ਕੱਲ ਦੀਆਂ ਬਹੁਤ ਸਾਰੀਆਂ ਮਾਨਸਿਕ ਅਤੇ ਸਮਾਜਿਕ੍ ਰਾਜਨੀਤਿਕ ਸਮੱਸਿਆਵਾਂ ਦਾ ਕਾਰਨ ਹੈ। ਗੁਰੂ ਤੇਗ ਬਹਾਦਰ ਜੀ ਦੀਆਂ ਲਿਖਤਾਂ ਸਾਨੂੰ ਕਈ ਗਿਆਨਵਾਨ ਰੱਬੀ ਝੁਕਾਵਾਂ ਬਾਰੇ ਚੇਤਾਵਨੀ ਦਿੰਦੀਆਂ ਹਨ ਜਿਨ੍ਹਾਂ ਨੂੰ ਜਾਨਵਰਾਂ ਦੇ ਰੁਝਾਨ ਨੂੰ ਕਮਜ਼ੋਰ ਕਰਨ ਲਈ ਪੋਸ਼ਣ ਦੇਣਾ ਚਾਹੀਦਾ ਹੈ। ਇਨ੍ਹਾਂ ਰੁਝਾਨਾਂ ਵਿੱਚ ਮਨੁੱਖੀ ਜੀਵਨ ਦੇ ਟੀਚਿਆਂ ਤੱਕ ਪਹੁੰਚਣ ਲਈ ਬ੍ਰਹਮ ਮਾਰਗ ਦਰਸ਼ਨ, ਬ੍ਰਹਮ ਕਿਰਪਾ, ਰੂਹਾਨੀ ਬੁੱਧੀ ਅਤੇ ਬ੍ਰਹਮਤਾ ਦੀ ਮਾਨਸਿਕਤਾ ਸ਼ਾਮਲ ਹੈ।

ਗੁਰੂ ਤੇਗ ਬਹਾਦਰ ਜੀ ਨੇ ਮਨ ਦੇ ਧਰਮ ਸ਼ਾਸਤਰ ਨੂੰ ਬਿਆਨ ਕਰਨ ਵਿਚ ਮਹੱਤਵਪੂਰਣ ਯੋਗਦਾਨ ਪਾਇਆ ਹੈ। ਆਪ ਜੀ ਨੇ ਸਭ ਤੋਂ ਪਹਿਲਾਂ ਮਨ ਨੂੰ ਪਰਖਣ ਲਈ ਰਵਾਇਤੀ ਤਕਨੀਕਾਂ ਦੀ ਪੜਤਾਲ ਕੀਤੀ। ਅਜਿਹਾ ਕਰਦਿਆਂ ਆਪ ਨੇ ਮਨ ਨੂੰ ਸਿਖਲਾਈ ਦੇਣ ਲਈ ਨਾਮ ਸਿਮਰਨ ਦੀ ਕੋਸ਼ਿਸ਼ ਦੀ ਰੂਪ ਰੇਖਾ ਦਿੱਤੀ ਤਾਂ ਜੋ ਇਸ ਨੂੰ ਬ੍ਰਹਮਤਾ ਦਾ ਅਨੁਭਵ ਕਰਨ ਲਈ ਰੂਹਾਨੀਅਤ ਵੱਲ ਮੋੜਿਆ ਜਾ ਸਕੇ। ਨਾਮ ਸਿਮਰਨ ਦੁਆਰਾ, ਮਨੁੱਖ ਮਨ ਦੀ ਚੈਨ ਨੂੰ ਪ੍ਰਾਪਤ ਕਰ ਸਕਦਾ ਹੈ ਅਤੇ ਅਨੰਦ ਪ੍ਰਾਪਤ ਕਰ ਸਕਦਾ ਹੈ।

ਗੁਰੂ ਤੇਗ ਬਹਾਦਰ ਜੀ ਦਾ ਨਮੂਨਾ ਸਾਨੂੰ ਅਧਿਆਤਮਿਕਤਾ ਵਿਚ ਮੀਮਜ਼ ਨੂੰ ਦੁਹਰਾਉਣ ਦੇ ਗੁੰਝਲਦਾਰ ਪੈਟਰਨ ਨੂੰ ਸੋਧਣ ਦੀ ਆਗਿਆ ਦਿੰਦਾ ਹੈ। ਇਹ ਦ੍ਰਿਸ਼ਟਾਂਤ ਮਨੁੱਖੀ ਵਤੀਰੇ ਨੂੰ ਪਦਾਰਥਵਾਦੀ ਸਭਿਆਚਾਰਾਂ ਤੋਂ ਦੂਰ ਰੱਖਦਾ ਹੈ ਅਤੇ ਉਹਨਾਂ ਨੂੰ ਮਨੁੱਖੀ ਚੇਤਨਾ ਦੇ ਅੰਦਰੂਨੀ ਗੁਣਾਂ ਦੇ ਹਵਾਲੇ ਕਰ ਦਿੰਦਾ ਹੈ, ਜਿਸ ਨਾਲ ਪੂਰਨ ਆਨੰਦ ਹੁੰਦਾ ਹੈ। ਉਸ ਸ਼ਾਂਤ ਅਵਸਥਾ ਵਿੱਚ ਕੋਈ ਦਰਦ ਨਹੀਂ ਹੈ। ਗੁਰੂ ਤੇਗ ਬਹਾਦਰ ਜੀ ਆਪਣੀ ਬਾਣੀ ਵਿਚ ਇਸ ਮਿਸਾਲ ਨੂੰ ਦਰਸਾਉਂਦੇ ਹਨ:

ਸਾਧੋ ਮਨ ਕਾ ਮਾਨੁ ਤਿਆਗਉ ॥ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥੧॥ ਰਹਾਉ॥ਸੁਖੁ ਦੁਖੁਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥ ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥੧॥

ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥

**ਡਾ. ਭਾਈ ਹਰਬੰਸ ਲਾਲ**
**ਅਮਰੀਕਾ**
**8178468630**

# ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਗਤੀਵਿਧੀਆਂ



ਡਾ. ਭਪਿੰਦਰ ਸਿੰਘ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਵਿਚ ਸੱਚ, ਧਰਮ ਅਤੇ ਨਿਆਂ ਦੀ ਸਥਾਪਤੀ ਲਈ ਸਿੱਖ ਧਰਮ ਦੀ ਨੀਂਹ ਰੱਖੀ। ਇਸੇ ਮਿਸ਼ਨ ਨੂੰ ਅੱਗੇ ਤੋਰਦਿਆਂ ਧਰਮ ਦੇ ਰਾਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਗੁਰਬਾਣੀ ਰਾਹੀਂ ਮਨੁੱਖਤਾ ਨੂੰ ਇਕ ਅਕਾਲ ਪੁਰਖ ਦੇ ਲੜ ਲੱਗਣ ਅਤੇ ਨਿਰਭੈਤਾ ਵਾਲਾ ਜੀਵਨ ਜੀਉਣ ਦਾ ਉਪਦੇਸ਼ ਦਿੱਤਾ। ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦਾਂ ਦੇ ਸਿਰਤਾਜ, ਗੁਰੂ ਅਰਜਨ ਸਾਹਿਬ ਜੀ ਦੇ ਪੋਤਰੇ ਅਤੇ ਚਾਰ ਸ਼ਹੀਦ ਪੋਤਰੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫਤਿਹ ਸਿੰਘ ਜੀ ਦੇ ਦਾਦਾ ਜੀ, ਸੂਰਬੀਰ, ਬਚਨ ਕੇ ਬਲੀ ਮੀਰੀ ਪੀਰੀ ਦੇ ਮਾਲਕ, ਯੋਧੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਪੁੱਤਰ ਅਤੇ ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ, ਪੁਰਜਾ ਪੁਰਜਾ ਕਟਿ ਮਰੈ ਕਬਹੂੰ ਨਾ ਛਾਡੈ ਖੇਤ ਦੇ ਅਮਲੀ ਜੀਵਨ ਵਿੱਚ ਪਹਿਰਾ ਦੇਣ ਵਾਲੇ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਹੋਣ ਦਾ ਮਾਣ ਹਾਸਲ ਹੈ  ਗੁਰੂ ਜੀ ਬਾਬਾ ਬਕਾਲਾ ਸਾਹਿਬ ਦੀ ਪਾਵਨ ਧਰਤੀ ਉੱਪਰ ਅਕਾਲ ਪੁਰਖ ਦੇ ਸਿਮਰਨ ਵਿਚ ਲੀਨ ਰਹੇ। ਇਥੇ ਹੀ ਭਾਈ ਮੱਖਣ ਸ਼ਾਹ ਲੁਬਾਣਾ ਨੇ ਦੰਭੀ ਗੁਰੂਆਂ ਦਾ ਪਾਜ ਉਘਾੜਿਆ ਅਤੇ ਸੱਚੇ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਛਾਣ ਕਰ 'ਸਾਚਾ ਗੁਰ ਲਾਧੋ ਰੇ' ਕਹਿ ਪੱਲਾ ਫੇਰਿਆ। ਮਨੁੱਖਤਾ ਨੂੰ ਸੱਚ ਨਾਲ ਜੋੜਨ ਲਈ ਗੁਰੂ ਜੀ ਨੇ ਲੰਮੀਆਂ ਯਾਤਰਾਵਾਂ ਕੀਤੀਆਂ ਅਤੇ ਲੋਕਾਂ ਦੇ ਦੁੱਖੜੇ ਦੂਰ ਕੀਤੇ। ਸ਼ਰਨ ਆਏ ਦੀਨ ਮਜ਼ਲੂਮਾਂ ਦੇ ਧਰਮ ਦੀ ਰਾਖੀ ਲਈ ਆਪ ਜੀ ਨੇ ਦਿੱਲੀ ਜਾ ਕੇ ਸ਼ਹੀਦੀ ਦਿੱਤੀ, ਗੁਰੂ ਜੀ ਦੀ ਸ਼ਹੀਦੀ ਉਪਰੰਤ ਗੁਰੂ ਘਰ ਦੇ ਪ੍ਰੇਮੀ ਗੁਰਸਿੱਖਾਂ ਭਾਈ ਜੈਤਾ ਜੀ ਨੇ ਸੀਸ ਦੇ ਸਤਿਕਾਰ ਸਹਿਤ ਦਸ਼ਮੇਸ਼ ਪਿਤਾ ਜੀ ਕੋਲ ਸ੍ਰੀ ਅਨੰਦਪੁਰ ਸਾਹਿਬ ਪਚੁੰਚਾਇਆ ਅਤੇ ਭਾਈ ਲੱਖੀ ਸ਼ਾਹ ਵਣਜਾਰਾ ਨੇ ਆਪਣੇ ਘਰ ਨੂੰ ਅੱਗ ਲਾ ਕੇ ਗੁਰੂ ਜੀ ਦੇ ਧੜ ਦਾ ਸੰਸਕਾਰ ਕੀਤਾ। ਗੁਰੂ ਜੀ ਦੁਆਰਾ ਮਨੁੱਖਤਾ ਉੱਪਰ ਕੀਤੇ ਗਏ ਪਰਉਪਕਾਰਾਂ ਸਦਕਾ ਅੱਜ ਗੁਰੂ ਜੀ ਨੂੰ ਧਰਮ ਦੀ ਚਾਦਰ ਕਹਿ ਕੇ ਸਤਿਕਾਰਿਆ ਜਾਂਦਾ ਹੈ।

ਸਾਨੂੰ ਅਜਿਹੇ ਦੀਨ ਦਇਆਲ, ਪਰਉਪਕਾਰੀ ਸਤਿਗੁਰੂ ਜੀ ਦਾ 400 ਸਾਲਾ ਪ੍ਰਕਾਸ਼ ਗੁਰਪੁਰਬ ਮਨਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਅਜਿਹੇ ਸੁਭਾਗੇ ਮੌਕੇ ਤੇ 'ਜੋ ਗੁਰੂ ਦਸੈ ਵਾਟ ਮੁਰੀਦਾ ਜੋਲੀਐ' ਦੇ ਅਨੁਸਾਰ ਸਾਨੂੰ ਗੁਰੂ ਦਰਸਾਏ ਮਾਰਗ ਉੱਪਰ ਚਲਦਿਆਂ ਹੋਇਆ ਪ੍ਰਮਾਤਮਾ ਦਾ ਨਾਮ ਸਿਮਰਨ ਕਰਕੇ ਗੁਰੂ ਸਾਹਿਬ ਦੇ ਰੂਹਾਨੀ

ਮਾਰਗ ਦੇ ਪਾਂਧੀ ਬਣਨਾ ਚਾਹੀਦਾ ਹੈ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਦੀ ਅਗਵਾਈ ਵਿੱਚ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਵੱਲੋਂ ਵੀ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਾਰ ਸੌ ਸਾਲਾ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿੱਚ ਆਨਲਾਈਨ ਗੁਰਮਤਿ, ਅਕਾਦਮਿਕ, ਸਾਹਿਤਕ ਤੇ ਸਭਿਆਚਾਰਕ ਪ੍ਰੋਗਰਾਮ ਆਯੋਜਿਤ ਕਰਵਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸ ਦੇ ਅਧੀਨ ਆਨਲਾਈਨ ਰਾਸ਼ਟਰੀ, ਅੰਤਰਰਾਸ਼ਟਰੀ ਕਾਨਫਰੰਸਾਂ, ਸੈਮੀਨਾਰ, ਕੀਰਤਨ ਸਮਾਗਮ ਅਤੇ ਕਵੀ ਦਰਬਾਰਾਂ ਆਦਿ ਦਾ ਆਯੋਜਨ ਹੋ ਰਿਹਾ ਹੈ। ਇਸ ਸਭ ਦਾ ਮੰਤਵ ਵਿਦਿਆਰਥੀਆਂ ਨੂੰ, ਨੌਜਵਾਨ ਪੀੜ੍ਹੀ ਨੂੰ ਗੁਰੂ ਸਾਹਿਬ ਦੇ ਜੀਵਨ ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਸਮਾਜ ਲਈ ਦਿੱਤੀ ਉਨ੍ਹਾਂ ਦੀ ਸ਼ਹਾਦਤ ਦੇ ਪ੍ਰਤੀ ਜਾਗਰੂਕ ਅਤੇ ਸਿੱਖਿਅਤ ਕਰਨਾ ਹੈ ਤੇ ਉਨ੍ਹਾਂ ਦੇ ਜੀਵਨ ਦੇ ਵੱਖ ਵੱਖ ਪਹਿਲੂਆਂ ਤੇ ਚਾਨਣਾ ਪਾਉਣਾ ਹੈ। ਇਸੇ ਆਸ਼ੇ ਅਧੀਨ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਪਰਵਾਸੀ ਸਾਹਿਤ ਅਧਿਅਨ ਕੇਂਦਰ, ਕਾਲਜ ਦੀ ਗੁਰਮਤਿ ਸਭਾ, ਇਤਿਹਾਸ ਵਿਭਾਗ, ਹਿੰਦੀ ਵਿਭਾਗ, ਰਾਜਨੀਤੀ ਵਿਭਾਗ ਵੱਲੋਂ ਸਮੇਂ ਸਮੇਂ ਗੁਰੂ ਤੇਗ ਬਹਾਦਰ ਜੀ ਜੀਵਨ, ਸਿੱਖਿਆਵਾਂ, ਯਾਤਰਾਵਾਂ, ਹੁਕਮਨਾਮੇ, ਸ਼ਲੋਕ ਮਹਲਾ 9ਵਾਂ, ਸਨਮੁੱਖ ਹੋਏ ਸ਼ਹੀਦ, ਭਾਈ ਸਤੀਦਾਸ, ਭਾਈ ਮਤੀਦਾਸ, ਭਾਈ ਦਿਆਲਾ ਜੀ, ਬਾਬਾ ਮੱਖਣ ਸ਼ਾਹ ਲੁਬਾਣਾ, ਭਾਈ ਲੱਖੀ ਸ਼ਾਹ ਵਣਜਾਰਾ, ਪੰਡਤ ਕਿਰਪਾ ਰਾਮ ਵਰਗੀਆਂ ਮਹਾਨ ਸ਼ਖ਼ਸੀਅਤਾਂ ਸੰਬੰਧੀ ਅੰਤਰਰਾਸ਼ਟਰੀ ਤੇ ਰਾਸ਼ਟਰੀ ਪੱਧਰ ਤੇ ਵਿਚਾਰ ਗੋਸ਼ਟੀਆਂ, ਕਵੀ ਦਰਬਾਰ, ਸ਼ਬਦ ਗਾਇਨ, ਪ੍ਰਸ਼ਨੋਤਰੀ ਤਕਰੀਬਨ 50 ਦੇ ਕਰੀਬ ਆਨਲਾਈਨ ਵੈਬੀਨਾਰ ਕਰਵਾਏ ਗਏ। ਜਿਨ੍ਹਾਂ ਵਿਚ ਸਿੱਖ ਪੰਥ ਦੇ ਮਹਾਨ ਵਿਦਵਾਨ ਚਿੰਤਕ ਯੂਨੀਵਰਸਿਟੀਆਂ ਦੇ ਕੁਲਪਤੀ, ਉਪਕੁਲਪਤੀ, ਡਾਇਰੈਕਟਰ ਅਤੇ ਅਲੱਗ ਅਲੱਗ ਵਿਭਾਗਾਂ ਦੇ ਪ੍ਰੋਫ਼ੈਸਰ ਸਾਹਿਬਾਨਾਂ ਨੇ ਸਰੋਤਿਆਂ ਨਾਲ ਵਿਚਾਰਾਂ ਦੀ ਸਾਂਝ ਪਈ। ਸਿੱਖ ਵਿਦਿਵਾਨ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ, ਡਾ. ਬਲਕਾਰ ਸਿੰਘ, ਡਾ. ਜਸਬੀਰ ਸਿੰਘ ਸਾਬਰ, ਡਾ. ਹਰਬੰਸ ਲਾਲ, ਡਾ. ਸੁਖਵੀਰ ਸਿੰਘ ਕਪੂਰ, ਡਾ. ਗੁਰਿੰਦਰ ਸਿੰਘ ਮਾਨ, ਡਾ. ਦਲਵੀਰ ਸਿੰਘ ਪੰਨੂ, ਡਾ. ਬਲਵੰਤ ਸਿੰਘ ਢਿੱਲੋਂ, ਡਾ. ਗੁਰਮੀਤ ਸਿੰਘ, ਡਾ. ਐਨ. ਐਸ. ਮੋਹਨ, ਡਾ. ਅਨੁਰਾਗ, ਡਾ. ਜਸਪਾਲ ਸਿੰਘ ਅਤੇ ਹੋਰ ਵਿਦਿਵਾਨਾਂ ਨੇ ਸ਼ਿਰਕਤ ਕੀਤੀ।

**ਡਾ. ਭੁਪਿੰਦਰ ਸਿੰਘ**
**ਮੁਖੀ**
**ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ**

ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਤੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਾਰ ਸੌ ਸਾਲਾ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਵੈਬੀਨਾਰਾਂ ਦਾ ਆਯੋਜਨ ਕੀਤਾ ਗਿਆ। ਇਹਨਾਂ ਵੈਬੀਨਾਰਾਂ ਵਿਚ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਵਿਚਾਰਧਾਰਾ, ਗੁਰਬਾਣੀ ਅਤੇ ਉਹਨਾਂ ਨਾਲ ਜੁੜੀਆਂ ਹੋਈਆਂ ਮਹਾਨ ਸਖ਼ਸ਼ੀਅਤਾਂ ਸੰਬੰਧੀ ਵਿਚਾਰ ਚਰਚਾ ਕੀਤੀ ਗਈ।

**ਸੰਪਾਦਕੀ ਮੰਡਲ**

| ਲੜੀ ਨੰ. | ਪ੍ਰੋਗਰਾਮ | ਮੁੱਖ ਮਹਿਮਾਨ |
|---|---|---|
| 1 | ਅੰਤਰਰਾਸ਼ਟਰੀ ਵੈਬੀਨਾਰ:<br><br>ਸ੍ਰੀ ਗੁਰੂ ਤੇਗ ਬਹਾਦਰ ਜੀ: ਜੀਵਨ ਤੇ ਸਿੱਖਿਆਵਾਂ | **ਪ੍ਰਧਾਨਗੀ ਭਾਸ਼ਣ: ਡਾ. ਹਰਬੰਸ ਲਾਲ,** ਪੀਐੱਚ. ਡੀ., ਡੀ. ਲਿਟ (ਆਨਰਜ਼), ਇਮੈਰੀਟਸ ਪ੍ਰੋਫ਼ੈਸਰ ਅਤੇ ਚੇਅਰਮੈਨ, ਡਿਪਾਰਟਮੈਂਟ ਆਫ਼ ਫਾਰਮਾਕੋਲੋਜੀ ਅਤੇ ਨਿਊਰੋਸਾਇੰਸ, ਯੂ. ਐਸ. ਏ.<br>**ਆਰੰਭਕ ਸ਼ਬਦ:**<br>**ਸ. ਰਣਬੀਰ ਸਿੰਘ ਸੂਰੀ**, ਮੈਂਬਰ ਆਫ਼ ਹਾਉਸ ਆਫ਼ ਲਾਰਡਜ਼, ਯੂ. ਕੇ.<br>**ਵਕਤਾ: ਡਾ. ਸੁਖਬੀਰ ਸਿੰਘ ਕਪੂਰ**, ਓ ਬੀ ਈ ਫਾਉਂਡਰ, ਫਾਉਂਡਰ ਵਾਈਸ ਚਾਂਸਲਰ, ਵਰਲਡ ਸਿੱਖ ਯੂਨੀਵਰਸਿਟੀ, ਯੂ. ਕੇ.<br>**ਡਾ. ਗੁਰਿੰਦਰ ਸਿੰਘ ਮਾਨ**, ਡਾਇਰੈਕਟਰ, ਗਲੋਬਲ ਇੰਸਟੀਚਿਊਟ ਫ਼ਾਰ ਸਿੱਖ ਸਟਡੀਜ਼, ਯੂ. ਐਸ. ਏ.<br>**ਡਾ. ਦਲਵੀਰ ਸਿੰਘ ਪੰਨੂ**, ਸਿੱਖ ਇਤਿਹਾਸਕਾਰ, ਯੂ. ਐਸ. ਏ. |

| | | |
|---|---|---|
| 2 | ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ:<br><br>ਕਵੀ ਦਰਬਾਰ | **ਆਰੰਭਕ ਬੋਲ: ਡਾ. ਸ. ਪ. ਸਿੰਘ**, ਪ੍ਰਧਾਨ, ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ, ਲੁਧਿਆਣਾ<br>**ਪ੍ਰਧਾਨਗੀ: ਪ੍ਰੋ. ਗੁਰਭਜਨ ਸਿੰਘ ਗਿੱਲ**, ਸਾਬਕਾ ਪ੍ਰਧਾਨ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ<br>**ਕਵੀ:** ਸਵਰਨਜੀਤ ਸਵੀ, ਮਲਵਿੰਦਰ, ਦੇਵ ਦਰਦ, ਤ੍ਰੈਲੋਚਨ ਲੋਚੀ, ਓਮਿੰਦਰ ਜੌਹਲ, ਦੇਵਿੰਦਰ ਦਿਲਰੂਪ, ਮਨਜਿੰਦਰ ਧਨੋਆ, ਅਜੀਤਪਾਲ, ਅਮਰਜੀਤ ਕੌਰ ਅਮਰ, ਗੁਰਸੇਵਕ ਲੰਬੀ |
| 3 | ਗੁਰੂ ਤੇਗ ਬਹਾਦਰ ਜੀ ਦੀ ਬਾਣੀ:<br><br>ਸਾਹਿਤਕ ਦ੍ਰਿਸ਼ਟੀਕੋਣ | **ਪ੍ਰਧਾਨਗੀ: ਡਾ. ਹਰਬੰਸ ਲਾਲ**, ਇਮੈਰੀਟਸ ਪ੍ਰੋਫ਼ੈਸਰ ਅਤੇ ਚੇਅਰਮੈਨ, ਡਿਪਾਰਟਮੈਂਟ ਆਫ਼ ਫਾਰਮਾਕੋਲੋਜੀ ਅਤੇ ਨਿਊਰੋਸਾਇੰਸ, ਯੂ. ਐਸ. ਏ.<br>**ਵਕਤਾ: ਡਾ. ਗੁਰਿੰਦਰ ਸਿੰਘ ਮਾਨ**, ਡਾਇਰੈਕਟਰ, ਗਲੋਬਲ ਇੰਸਟੀਚਿਊਟ ਫ਼ਾਰ ਸਿੱਖ ਸਟਡੀਜ਼, ਯੂ. ਐਸ. ਏ.<br>**ਡਾ. ਗੁਰਨਾਮ ਸਿੰਘ,** ਡਾਇਰੈਕਟਰ, ਗਲੋਬਲ ਇੰਸਟੀਚਿਊਟ ਫਾਰ ਸਿੱਖ ਸਟਡੀਜ਼, ਯੂ. ਐਸ. ਏ.<br>**ਸ. ਪ੍ਰਤਾਪ ਸਿੰਘ**, ਸਾਬਕਾ ਡੀ. ਆਈ. ਜੀ., ਨਵੀਂ ਦਿੱਲੀ |

| | | |
|---|---|---|
| 4 | ਸ੍ਰੀ ਗੁਰੂ ਤੇਗ ਬਹਾਦਰ ਜੀ ਅੰਤਰਰਾਸ਼ਟਰੀ<br><br>ਸਟੇਜੀ ਕਵੀ ਦਰਬਾਰ-1 | **ਆਰੰਭਕ ਬੋਲ: ਡਾ. ਸ. ਪ. ਸਿੰਘ**, ਸਾਬਕਾ ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ<br>**ਆਸ਼ੀਰਵਾਦੀ ਸ਼ਬਦ: ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ,** ਸ਼੍ਰੋਮਣੀ ਕਥਾਵਾਚਕ<br>**ਉਦਘਾਟਨ: ਪ੍ਰੋ. ਗੁਰਭਜਨ ਸਿੰਘ ਗਿੱਲ**, ਸਾਬਕਾ ਪ੍ਰਧਾਨ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ<br>**ਪ੍ਰਧਾਨਗੀ: ਡਾ. ਅਮਰਜੀਤ ਸਿੰਘ ਦੂਆ**, ਡਾਇਰੈਕਟਰ,ਗੁਰੂ ਤੇਗ ਬਹਾਦਰ ਨਰਸਿੰਗ ਇੰਸਟੀਚਿਊਟ, ਲੁਧਿਆਣਾ<br>**ਕਵੀ:**<br>ਡਾ. ਰਾਬਿੰਦਰ ਸਿੰਘ ਮਸਰੂਰ, ਇੰਜੀ. ਜਸਵੰਤ ਸਿੰਘ ਜ਼ਫ਼ਰ, ਡਾ. ਹਰੀ ਸਿੰਘ ਜਾਚਕ, ਅਵਤਾਰ ਸਿੰਘ ਤਾਰੀ, ਇੰਜੀ. ਕਰਮਜੀਤ ਸਿੰਘ ਨੂਰ, ਅਮਰਜੀਤ ਕੌਰ ਪਰਵਾਨਾ, ਬੀਬੀ ਸੁਰਜੀਤ ਕੌਰ, ਗੁਰਦੀਸ਼ ਕੌਰ ਗਰੇਵਾਲ |
| 5 | ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ:<br><br>ਭਾਸ਼ਾਈ ਪਾਸਾਰ | **ਵਕਤਾ: ਡਾ. ਬੂਟਾ ਸਿੰਘ ਬਰਾੜ,** ਸਾਬਕਾ ਮੁਖੀ, ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ, ਬਠਿੰਡਾ<br>**ਡਾ. ਪਰਮਜੀਤ ਸਿੰਘ ਢੀਂਗਰਾ,** ਮੁਖੀ, ਪੰਜਾਬ ਯੂਨੀਵਰਸਿਟੀ ਰਿਜਨਲ ਸੈਂਟਰ, ਸ੍ਰੀ ਮੁਕਤਸਰ ਸਾਹਿਬ |

| 6 | ਸ੍ਰੀ ਗੁਰੂ ਤੇਗ ਬਹਾਦਰ ਜੀ<br><br>ਕਵੀ ਦਰਬਾਰ | **ਆਰੰਭਕ ਬੋਲ: ਡਾ. ਸ. ਪ. ਸਿੰਘ,** ਸਾਬਕਾ ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ<br>**ਪ੍ਰਧਾਨਗੀ ਭਾਸ਼ਣ: ਸ੍ਰੀ ਸੁੱਖੀ ਬਾਠ,** ਸੰਸਥਾਂਪਕ, ਪੰਜਾਬ ਭਵਨ, ਸਰੀ, ਕੈਨੇਡਾ<br>**ਵਿਸ਼ੇਸ਼ ਮਹਿਮਾਨ: ਪ੍ਰੋ. ਗੁਰਭਜਨ ਗਿੱਲ**, ਪ੍ਰਧਾਨ, ਪੰਜਾਬੀ ਲੋਕ ਵਿਰਸਤ ਅਕਾਡਮੀ, ਲੁਧਿਆਣਾ<br>**ਸ੍ਰੀ ਮੋਤਾ ਸਿੰਘ ਸਰਾਏ**, ਸੰਚਾਲਕ, ਪੰਜਾਬੀ ਸੱਥ, ਯੂ.ਕੇ.<br>**ਕਵੀ:**<br>ਹਰਚੰਦ ਸਿੰਘ ਬਾਗੜੀ(ਕੈਨੇਡਾ), ਸੁਰਿੰਦਰ ਸਿੰਘ ਸੁੱਨੜ(ਅਮਰੀਕਾ), ਨਕਸ਼ਦੀਪ ਪੰਜਕੋਹਾ(ਅਮਰੀਕਾ), ਸੁਰਿੰਦਰ ਗੀਤ(ਕੈਨੇਡਾ), ਹਰਸ਼ਰਨ ਕੌਰ(ਕੈਨੇਡਾ), ਮਨਜੀਤ ਕੌਰ ਗਿੱਲ(ਅਮਰੀਕਾ), ਦਲਜਿੰਦਰ ਰਹਿਲ(ਇਟਲੀ), ਹਰਦਿਆਲ ਸਿੰਘ ਚੀਮਾ(ਅਮਰੀਕਾ), ਕੁਲਵੰਤ ਕੌਰ ਢਿੱਲੋਂ(ਇੰਗਲੈਂਡ), ਦਲਵੀਰ ਕੌਰ(ਇੰਗਲੈਂਡ), ਡਾ. ਦਵਿੰਦਰ ਸਿੰਘ ਜੀਤਲਾ(ਆਸਟਰੇਲੀਆ), ਗੁਰਮੇਲ ਕੌਰ ਸੰਘਾ(ਇੰਗਲੈਂਡ),ਪਰਮਵੀਰ ਸਿੰਘ(ਕੈਨੇਡਾ), ਜੀਤ ਸੁਰਜੀਤ(ਬੈਲਜ਼ੀਅਮ) |
|---|---|---|

| | | |
|---|---|---|
| 7 | ਸ੍ਰੀ ਗੁਰੂ ਤੇਗ ਬਹਾਦਰ ਜੀ ਅੰਤਰਰਾਸ਼ਟਰੀ<br><br>ਸਟੇਜੀ ਕਵੀ ਦਰਬਾਰ-2 | **ਆਰੰਭਕ ਬੋਲ: ਡਾ. ਸ. ਪ. ਸਿੰਘ,** ਸਾਬਕਾ ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ<br>**ਆਸ਼ੀਰਵਾਦੀ ਸ਼ਬਦ:**<br>**ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ**<br>**ਉਦਘਾਟਨ: ਪ੍ਰੋ. ਗੁਰਭਜਨ ਸਿੰਘ ਗਿੱਲ,**<br>**ਪ੍ਰਧਾਨਗੀ: ਡਾ. ਅਮਰਜੀਤ ਸਿੰਘ ਦੂਆ,** ਡਾਇਰੈਕਟਰ, ਗੁਰੂ ਤੇਗ ਬਹਾਦਰ ਨਰਸਿੰਗ ਇੰਸਟੀਚਿਊਟ, ਲੁਧਿਆਣਾ<br>**ਕਵੀ:** ਡਾ. ਰਾਬਿੰਦਰ ਸਿੰਘ ਮਸਰੂਰ, ਅਵਤਾਰ ਸਿੰਘ ਤਾਰੀ, ਡਾ. ਹਰੀ ਸਿੰਘ ਜਾਚਕ, ਇੰਜੀ. ਕਰਮਜੀਤ ਸਿੰਘ ਨੂਰ, ਜ਼ਮੀਰ ਅਲੀ ਜ਼ਮੀਰ, ਬਲਜੀਤ ਸਿੰਘ ਬਲ, ਬੀਬੀ ਸੁਰਜੀਤ ਕੌਰ, ਗੁਰਦੀਸ਼ ਕੌਰ ਗਰੇਵਾਲ |


**ਤ੍ਰੈ ਮਾਸਿਕ ਪੱਤ੍ਰਿਕਾ**

# ਪਰਵਾਸ

**ਜਨਵਰੀ-ਮਾਰਚ 2022 ਦੇ ਅੰਕ ਲਈ ਪਰਵਾਸੀ ਲੇਖਕਾਂ ਨੂੰ ਆਪਣੀਆਂ ਰਚਨਾਵਾਂ parvasggn@gmail.com 'ਤੇ ਭੇਜਣ ਦੀ ਬੇਨਤੀ ਹੈ**

**ਸੰਪਰਕ:**

**ਡਾ. ਤੇਜਿੰਦਰ ਕੌਰ** +9187290-80250

**ਪ੍ਰੋ. ਸ਼ਰਨਜੀਤ ਕੌਰ** +9195010-27522

# ਪਰਵਾਸੀ ਸਾਹਿਤ ਅਧਿਅਨ ਕੇਂਦਰ

## ਸ੍ਰੀ ਗੁਰੂ ਤੇਗ ਬਹਾਦਰ ਜੀ: ਕਵੀ ਦਰਬਾਰ



**ਡਾ. ਸ. ਪ. ਸਿੰਘ**
ਸਾਬਕਾ ਵਾਈਸ ਚਾਂਸਲਰ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ



**ਡਾ. ਅਰਵਿੰਦਰ ਸਿੰਘ ਭੱਲਾ**
ਪ੍ਰਿੰਸੀਪਲ



**ਪ੍ਰੋ. ਗੁਰਭਜਨ ਗਿੱਲ**
ਪ੍ਰਧਾਨ
ਪੰਜਾਬੀ ਲੋਕ ਵਿਰਾਸਤ ਅਕਾਡਮੀ, ਲੁਧਿਆਣਾ



**ਸੁੱਖੀ ਬਾਠ**
ਸੰਸਥਾਪਕ
ਪੰਜਾਬ ਭਵਨ, ਸਰੀ



**ਮੋਤਾ ਸਿੰਘ ਸਰਾਏ**
ਸੰਚਾਲਕ
ਪੰਜਾਬੀ ਸੱਥ, ਯੂ. ਕੇ.

## ਸ਼ਾਮਿਲ ਕਵੀ



**ਹਰਚੰਦ ਸਿੰਘ ਬਾਗੜੀ**
ਕੈਨੇਡਾ



**ਸੁਰਿੰਦਰ ਸਿੰਘ ਸੁੰਨੜ**
ਅਮਰੀਕਾ



**ਨਕਸ਼ਦੀਪ ਪੰਜਕੋਹਾ**
ਅਮਰੀਕਾ



**ਸੁਰਿੰਦਰ ਗੀਤ**
ਕੈਨੇਡਾ



**ਹਰਸ਼ਰਨ ਕੌਰ**
ਕੈਨੇਡਾ



**ਮਨਜੀਤ ਕੌਰ ਗਿੱਲ**
ਅਮਰੀਕਾ



**ਦਲਜਿੰਦਰ ਰਹਿਲ**
ਇਟਲੀ



**ਹਰਦਿਆਲ ਸਿੰਘ ਚੀਮਾ**
ਅਮਰੀਕਾ



**ਕੁਲਵੰਤ ਕੌਰ ਢਿੱਲੋਂ**
ਇੰਗਲੈਂਡ



**ਦਲਵੀਰ ਕੌਰ**
ਇੰਗਲੈਂਡ



**ਡਾ. ਦਵਿੰਦਰ ਸਿੰਘ ਜੀਤਲਾ**
ਆਸਟਰੇਲੀਆ



**ਗੁਰਮੇਲ ਕੌਰ ਸੰਘਾ**
ਇੰਗਲੈਂਡ



**ਪਰਮਵੀਰ ਸਿੰਘ**
ਕੈਨੇਡਾ



**ਜੀਤ ਸੁਰਜੀਤ**
ਬੈਲਜ਼ੀਅਮ



ਗੁਰਦੁਆਰਾ ਗੁਰੂ ਕੇ ਮਹਿਲ, ਅੰਮ੍ਰਿਤਸਰ
(ਜਨਮ ਅਸਥਾਨ ਸ੍ਰੀ ਗੁਰੂ ਤੇਗ਼ ਬਹਾਦਰ ਜੀ)




ਗੁਰਦੁਆਰਾ ਸੀਸ ਗੰਜ ਸਾਹਿਬ, ਦਿੱਲੀ